

# ਮਹਾਰਾਜ ਦਰਸ਼ਨ ਦਾਸ ਜੀ
# ਦੇ
# ਅੰਮ੍ਰਿਤ ਬਚਨ

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ ॥



# ਮਹਾਰਾਜ ਦਰਸ਼ਨ ਦਾਸ ਜੀ

ਨਾਨਕ ਨਾਮ ਚੜ੍ਹਦੀ ਕਲਾ ॥
ਤੇਰੇ ਭਾਣੇ ਸਰਬਤ ਦਾ ਭਲਾ ॥

# ਮਹਾਰਾਜ ਦਰਸ਼ਨ ਦਾਸ ਜੀ
ਦੇ

# ਅੰਮ੍ਰਿਤ ਬਚਨ

ਜੀ. ਐੱਨ. ਡੀ. ਇੰਟਰਨੈਸ਼ਨਲ ਚੈਰੀਟੇਬਲ ਟਰੱਸਟ (ਇੰਡੀਆ)
ਪਿੰਡ ਤੇ ਡਾਕਖਾਨਾ ਨੌਗੱਜਾ, ਜਲੰਧਰ – ਪੰਜਾਬ
ਫੋਨ: 091-181-708056

# Maharaj Darshan Dass Ji
## Dey
# Amrit Bachan


First Edition-4000
15 August 2001

©

**G.N.D. International Charitable Trust (India)**
Vill. & Post Office Naugajja, Jalandhar (Punjab)
Ph. 0091-181-708056

Computer Designing :
**VAC International**, 12-Sehdev Market,
Jalandhar City - 0181-57215

ਨਾਨਕ ਨਾਮ ਚੜ੍ਹਦੀ ਕਲਾ ।।
ਤੇਰੇ ਭਾਣੇ ਸਰਬਤ ਦਾ ਭਲਾ।।



# ਕੁੱਝ ਗੱਲਾਂ ਮਿਸ਼ਨ ਬਾਰੇ

'ਦਾਸ ਧਰਮ' ਬਲੀਦਾਨ, ਮਾਨਵ ਸੇਵਾ ਅਤੇ ਸ਼ਾਂਤੀ ਦਾ ਪ੍ਰਤੀਕ ਹੈ। ਇਸ ਧਰਮ ਦੇ ਬਾਨੀ ਮਹਾਰਾਜ ਦਰਸ਼ਨ ਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫਲਸਫ਼ੇ 'ਤੇ ਡਟ ਕੇ ਪਹਿਰਾ ਦਿੱਤਾ ਤੇ ਹਿੰਦੋਸਤਾਨ ਦੀ ਆਨ-ਬਾਨ ਅਤੇ ਸ਼ਾਨ ਲਈ ਆਪਣਾ ਆਪ ਕੁਰਬਾਨ ਕਰਕੇ 'ਦਾਸ ਧਰਮ' ਦੀ ਬੁਨਿਆਦ ਨੂੰ ਹੋਰ ਵੀ ਪੱਕਿਆਂ ਕੀਤਾ ਹੈ।

ਮਹਾਰਾਜ ਦਰਸ਼ਨ ਦਾਸ ਜੀ ਦਾ ਆਸ਼ੀਰਵਾਦ ਪ੍ਰਾਪਤ, ਤਿਆਗ ਤੇ ਸੇਵਾ ਦੇ ਪੁੰਜ ਸੰਤ ਬਾਬਾ ਕਰਨੈਲ ਸਿੰਘ ਜੀ 'ਦਾਸ ਧਰਮ' ਦੇ ਮਿਸ਼ਨ ਦੀ ਸੇਵਾ ਜੀ. ਐਨ. ਡੀ. ਇੰਟਰਨੈਸ਼ਨਲ ਚੈਰੀਟੇਬਲ ਟਰੱਸਟ ਬਣਾ ਕੇ ਨਿਭਾਅ ਰਹੇ ਹਨ। ਬਾਬਾ ਜੀ ਦੀ ਨਿੱਘੀ ਛੱਤਰ ਛਾਇਆ ਹੇਠ ਹੀ 'ਦਾਸ ਧਰਮ' ਦੀ ਲਹਿਰ ਨੂੰ ਘਰ-ਘਰ ਪਹੁੰਚਾਉਣ ਹਿੱਤ ਹੀ ਇਸ ਟਰੱਸਟ ਦੀ ਸਥਾਪਨਾ ਕੀਤੀ ਗਈ ਹੈ।

ਮਨੁੱਖੀ ਜਾਮੇ ਦੀ ਮਹੱਤਤਾ ਦਾ ਧਿਆਨ ਧਰਦਿਆਂ ਹੀ ਸੰਤ ਬਾਬਾ ਕਰਨੈਲ ਸਿੰਘ ਜੀ ਨੇ ਪੰਜਾਬ ਦੇ ਪਿੰਡਾਂ ਵਿਚਲੇ ਸਕੂਲਾਂ ਦੇ ਮਿਆਰ ਵੱਲ ਖਾਸ ਧਿਆਨ ਦਿੱਤਾ ਹੈ ਕਿਉਂਕਿ ਬਾਬਾ ਜੀ ਮਨੁੱਖ ਦੇ ਇਸ ਤੀਜੇ ਨੇਤਰ ਦੇ ਜਾਦੂਮਈ ਕ੍ਰਿਸ਼ਮੇ ਤੋਂ ਭਲੀ-ਭਾਂਤ ਜਾਣੂ ਹਨ। ਦੇਸ਼ ਕੌਮ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਵੀ ਹਰ ਨਾਗਰਿਕ ਦਾ ਸਿੱਖਿਅਤ ਹੋਣਾ ਬੜਾ ਜ਼ਰੂਰੀ ਹੈ, ਇਸੇ ਇਰਾਦੇ ਨਾਲ ਹੀ ਸੰਤ

ਇਮਾਰਤਾਂ ਉਸਾਰ ਕੇ ਦਿੱਤੀਆਂ ਹਨ। ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਵਰਗੀਆ ਮਾੜੀਆਂ ਅਲਾਮਤਾਂ ਤੋਂ ਦੂਰ ਰੱਖਣ ਲਈ ਸਾਲਾਨਾ ਰਾਜ ਪੱਧਰੀ ਪੇਂਡੂ ਖੇਡ ਮੇਲੇ ਕਰਵਾਉਣ ਦੀ ਪਿਰਤ ਪਾਈ ਹੈ। ਲੜਕੀਆਂ ਲਈ ਸਿਲਾਈ ਸੈਂਟਰ ਖੋਲ੍ਹ ਕੇ ਦਿੱਤੇ ਹਨ। ਪੇਂਡੂ ਨੌਜਵਾਨਾਂ ਨੂੰ ਵਿਸ਼ਵ ਵਿਆਪੀ ਮੁਕਾਬਲੇ ਦੇ ਯੋਗ ਬਣਾਉਣ ਹਿੱਤ ਕੰਪਿਊਟਰ ਸੈਂਟਰ ਖੋਲ੍ਹਣ ਦਾ ਇੰਤਜ਼ਾਮ ਕੀਤਾ ਗਿਆ ਹੈ। ਭਵਿੱਖ 'ਚ ਵੀ ਮਿਸ਼ਨ ਵਲੋਂ ਬਹੁਪੱਖੀ ਵਿਕਾਸ ਪ੍ਰੋਗਰਾਮਾਂ ਦੀ ਯੋਜਨਾ ਤਿਆਰ ਕੀਤੀ ਗਈ ਹੈ। ਜਿੰਨ੍ਹਾਂ ਵਿਚ ਗਰੀਬ ਤੇ ਲੋੜਮੰਦ ਲੜਕੀਆਂ ਦੀਆਂ ਸ਼ਾਦੀਆਂ ਕੀਤੀਆਂ ਜਾਣੀਆਂ ਵੀ ਸ਼ਾਮਲ ਹਨ ਕਿਉਂਕਿ ਮਾਨਵਤਾ ਦੀ ਭਲਾਈ ਹੀ ਮਹਾਰਾਜ ਦਰਸ਼ਨ ਦਾਸ ਜੀ ਦਾ ਮੁੱਖ ਉਦੇਸ਼ ਰਿਹਾ ਹੈ ਉਨ੍ਹਾਂ ਆਪਣੀ ਬਾਣੀ 'ਚ ਵੀ ਫੁਰਮਾਨ ਕੀਤਾ ਹੈ;

**ਹਮ ਕਰਨੇ ਆਏ ਲੋਕ ਭਲਾਈ**

ਸੰਤ ਬਾਬਾ ਕਰਨੈਲ ਸਿੰਘ ਜੀ ਯੂ. ਕੇ.ਵਾਲਿਆਂ ਦੀ ਸਰਪ੍ਰਸਤੀ ਹੇਠ ਵਿਸ਼ਵ ਦੇ ਹਰ ਪ੍ਰਾਣੀ ਨੂੰ ਮਹਾਰਾਜ ਦਰਸ਼ਨ ਦਾਸ ਜੀ ਦੀ ਨਿੱਘੀ ਵਿਚਾਰਧਾਰਾ ਨਾਲ ਜੋੜਨ ਦਾ ਮੰਤਵ ਹੈ ਤਾਂ ਕਿ ਦੁਨੀਆ ਨੂੰ ਸ਼ਾਂਤੀ ਤੇ ਵਿਕਾਸ ਦੀਆਂ ਲੀਹਾਂ ਤੇ ਮਜ਼ਬੂਤੀ ਨਾਲ ਤੋਰਿਆ ਜਾ ਸਕੇ।

**ਦਲਜੀਤ ਚੱਢਾ, ਚੇਅਰਮੈਨ**
ਜੀ. ਐੱਨ. ਡੀ. ਇੰਟਰਨੈਸ਼ਨਲ
ਚੈਰੀਟੇਬਲ ਟਰੱਸਟ (ਇੰਡੀਆ)

# ਦਰਸ਼ਨ ਮਹਿਮਾ

'ਦਾਸ ਧਰਮ' ਦੇ ਪੈਰੋਕਾਰਾਂ ਦਾ ਗੁਰੂ ਕੀ ਨਗਰੀ 'ਬਟਾਲਾ' ਨਾਲ ਬੜਾ ਗੂੜ੍ਹਾ ਤੇ ਜ਼ਜਬਾਤੀ ਰਿਸ਼ਤਾ ਜੁੜਿਆ ਹੋਇਆ ਹੈ। 'ਦਾਸ ਧਰਮ' ਦੇ ਸਿਰਜਕ ਮਹਾਰਾਜ ਦਰਸ਼ਨ ਦਾਸ ਜੀ ਵਿਸ਼ਵ ਵਿਆਪੀ ਦ੍ਰਿਸ਼ਟੀ ਦੇ ਮਾਲਕ ਤੇ ਮਾਨਵਵਾਦੀ ਸਨ ਅਤੇ ਉਹ ਮਨੁੱਖਤਾਵਾਦ ਦੇ ਮੂਲ ਸਿਧਾਂਤਾ ਨੂੰ ਪ੍ਰਨਾਏ ਹੋਏ ਸਨ। ਉਨ੍ਹਾਂ ਦੀ ਇਹ ਧਾਰਨਾ ਸੀ ਕਿ ਇਸ ਧਰਤੀ 'ਤੇ ਪੈਦਾ ਹੋਣ ਵਾਲੇ ਜੀਵ-ਜੰਤੂ ਰੁੱਖ ਤੇ ਹੋਰ ਬਨਾਸਪਤੀ ਇਹ ਸਭ ਅਕਾਲ ਪੁਰਖ ਪਰਮਾਤਮਾ ਦੇ ਨੂਰ ਦੀਆਂ ਕਿਰਨਾਂ ਹਨ। ਉਨ੍ਹਾਂ ਦੀ ਨਿੱਗਰ ਤੇ ਉਸਾਰੂ ਵਿਚਾਰਧਾਰਾ ਮਨੁੱਖਾਂ 'ਚ ਬਰਾਬਰੀ ਦਾ ਦਮ ਭਰਦੀ ਹੈ। ਮਹਾਰਾਜ ਦਰਸ਼ਨ ਦਾਸ ਜੀ ਦੀ ਜੀਵਨ-ਕਥਾ ਦੇ ਨਾਲ-ਨਾਲ ਚਲਦਿਆਂ ਹਰ ਕੋਈ ਮਾਨਵਤਾ ਦੀ ਭਲਾਈ ਦੇ ਸਾਗਰ 'ਚ ਡੁੱਬਕੀ ਲਾ ਲੈਂਦਾ ਹੈ।

ਮਹਾਰਾਜ ਦਰਸ਼ਨ ਦਾਸ ਜੀ ਦਾ ਜਨਮ 7 ਦਸੰਬਰ 1953 ਨੂੰ ਪੰਜਾਬ ਦੇ ਮਸ਼ਹੂਰ ਕਸਬੇ ਬਟਾਲਾ 'ਚ ਹੋਇਆ। ਇਹ ਸਮਾਂ ਉਹ ਸੀ ਜਦੋਂ ਹਿੰਦੋਸਤਾਨ '47 ਦੀ ਵੰਡ ਦੌਰਾਨ ਹੋਈ ਕਤਲੋਗਾਰਤ 'ਚੋਂ ਉਭਰਨ ਦੇ ਲਈ ਯਤਨ ਕਰ ਰਿਹਾ ਸੀ।

ਮਹਾਰਾਜ ਦਰਸ਼ਨ ਦਾਸ ਜੀ ਦੁਨੀਆਵੀ ਤੌਰ 'ਤੇ ਬ੍ਰਾਹਮਣ

ਜਾਤੀ 'ਚੋਂ ਸਨ ਪਰ ਉਨ੍ਹਾਂ 'ਤੇ ਬਚਪਨ ਤੋਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਾਖੀਆਂ ਦਾ ਤਕੜਾ ਪ੍ਰਭਾਵ ਰਿਹਾ ਸੀ। ਉਨ੍ਹਾਂ ਦੇ ਮਨ ਅੰਦਰ ਵੈਰਾਗ ਦੀ ਨਸ ਸ਼ੁਰੂ ਤੋਂ ਹੀ ਟਸ-ਟਸ ਕਰਦੀ ਰਹੀ ਸੀ। ਗੁਰਦੁਆਰਾ ਕੰਧ ਸਾਹਿਬ ਮਹਾਰਾਜ ਦਰਸ਼ਨ ਦਾਸ ਜੀ ਦੇ ਘਰ ਤੋਂ ਕੋਈ ਬਹੁਤਾ ਦੂਰ ਨਹੀਂ ਸੀ। 'ਕੋਈ ਅਜੀਬ ਜਿਹੀ ਖਿੱਚ ਉਹ ਹਮੇਸ਼ਾ ਮਹਿਸੂਸ ਕਰਦੇ ਰਹਿੰਦੇ ਸਨ, ਜਿਹੜੀ ਆਖਰ 'ਚ ਇਲਾਹੀ ਜੋਤ ਦੇ ਰੂਪ 'ਚ ਪ੍ਰਗਟ ਹੋਈ।

7ਵੀਂ ਜਮਾਤ 'ਚ ਪੜ੍ਹਦਿਆਂ ਹੀ ਉਨ੍ਹਾਂ ਦੇ ਮਨ ਅੰਦਰ ਇਹ ਖਿਆਲ ਆਇਆ ਕਿ ਆਪਣਾ ਵੱਖਰਾ ਸਕੂਲ ਬਣਾਇਆ ਜਾਵੇ ਛੋਟੀ ਉਮਰ ਦੇ ਵਿਦਿਆਰਥੀ ਦੇ ਮਨ 'ਚ ਇਹੋ ਜਿਹੇ ਖਿਆਲ ਆਉਣੇ ਬੜੇ ਵੱਡੇ ਅਰਥ ਰੱਖਦੇ ਹਨ ਆਪਣੇ ਦੋ ਹੋਰ ਜਮਾਤੀਆਂ ਸੁਖਵੰਤ ਅਤੇ ਸੁਰਿੰਦਰ ਜੌਹਨਸਟਨ ਨਾਲ ਆਪਣੇ ਮਨ ਦੀ ਗੱਲ ਕਰਕੇ ਆਪਣੇ ਦੋ ਅਧਿਆਪਕਾਂ ਅੱਗੇ 'ਆਪਣਾ ਸਕੂਲ' ਬਣਾਉਣ ਦੀ ਪੇਸ਼ਕਸ਼ ਰੱਖ ਦਿੱਤੀ।

ਮਾਸਟਰ ਦਿਆਲ ਸਿੰਘ ਸੰਧੂ ਤੇ ਸ. ਗੁਲਜਾਰ ਸਿੰਘ ਦੀ ਰਹਿਨੁਮਾਈ ਹੇਠ 1970 'ਚ ਇਕ ਬਿਲਡਿੰਗ ਕਿਰਾਏ ਤੇ ਲੈ ਕੇ ਐਸ. ਡੀ. ਐਸ. ਹਾਈ ਸਕੂਲ ਦੇ ਨਾਂਅ 'ਤੇ ਆਪਣਾ ਸਕੂਲ ਸ਼ੁਰੂ ਕਰ ਦਿੱਤਾ। ਇਥੇ ਇਹ ਗੱਲ ਆਪਣੇ ਆਪ 'ਚ ਬੜੀ ਮਹੱਤਤਾ ਰੱਖਦੀ ਹੈ ਕਿ ਮਹਾਰਾਜ ਆਪ ਬ੍ਰਾਹਮਣ ਜਾਤੀ ਦੇ ਸਨ

ਤੇ ਉਨ੍ਹਾਂ ਦੇ ਦੋ ਹੋਰ ਜਮਾਤੀ ਸਿੱਖ ਤੇ ਇਸਾਈ ਧਰਮ 'ਵਿਚੋਂ ਸਨ ਜਿੰਨਾਂ ਆਪਣਾ ਹੀ ਸਕੂਲ ਸਥਾਪਤ ਕਰਨ 'ਚ ਮਹੱਤਵਪੂਰਨ ਭੂਮਿਕਾ ਨਿਭਾਈ। ਅੱਠਵੀਂ ਦੀ ਪੜ੍ਹਾਈ ਬੋਰਡ ਦੀ ਹੋਣ ਕਰਕੇ ਸਕੂਲ ਬਣਾਉਣ ਦੇ ਆਪਣੇ ਔਖੇ ਸੰਕਲਪ ਨੂੰ ਵੀ ਸਿਰੇ ਚਾੜ੍ਹਿਆ। ਇਨ੍ਹਾਂ ਤਿੰਨਾਂ ਜਮਾਤੀਆਂ ਨੇ ਲਾਗਲੇ ਪਿੰਡਾਂ ਤੋਂ ਬੱਚਿਆਂ ਨੂੰ ਸਕੂਲ 'ਚ ਪੜ੍ਹਨ ਲਈ ਪ੍ਰੇਰਿਆ ਤੇ ਲਗਪਗ ਉਸ ਸਮੇਂ 150 ਬੱਚੇ ਇੰਨਾਂ ਤਿੰਨਾਂ ਦੀ ਪ੍ਰੇਰਨਾ ਸਦਕਾ ਇਸ ਸਕੂਲ 'ਚ ਦਾਖਲ ਹੋ ਗਏ। ਵਿਦਿਆਰਥੀ ਜੀਵਨ ਵਿਚ ਵੀ ਮਹਾਰਾਜ ਦਰਸ਼ਨ ਦਾਸ ਜੀ ਆਪਣੀ ਵਿਚਾਰਧਾਰਾ 'ਤੇ ਖੜ੍ਹ ਜਾਂਦੇ ਸਨ ਤੇ ਮਜ਼ਬੂਤ ਇਰਾਦੇ ਦੇ ਮਾਲਕ ਸਨ। ਉਸ ਸਮੇਂ ਵੀ ਇਹ ਨਾ ਕਿਸੇ ਤੋਂ ਡਰਦੇ ਸਨ ਨਾ ਕਿਸੇ ਨੂੰ ਡਰਾਉਂਦੇ ਸਨ। ਮਹਾਰਾਜ ਦਰਸ਼ਨ ਦਾਸ ਜੀ ਵਲੋਂ ਬਣਾਇਆ ਇਹ ਸਕੂਲ ਅੱਜ ਕੱਲ੍ਹ ਗੁਰੂ ਰਾਮਦਾਸ ਹਾਈ ਸਕੂਲ ਦੇ ਨਾਂਅ 'ਤੇ ਬੁਲੰਦੀਆਂ ਛੂਹ ਰਿਹਾ ਹੈ

ਪੜ੍ਹਾਈ 'ਚ ਉਨ੍ਹਾਂ ਦਾ ਮਨ ਬਹੁਤ ਨਾ ਲੱਗਾ ਤੇ ਇੱਕ ਦਿਨ ਪੱਠਿਆਂ ਦੀ ਪੰਡ ਲਈ ਜਦੋਂ ਉਹ ਆਉਂਦੇ ਸਨ ਤਾਂ ਵਗਾ ਕੇ ਸੁੱਟੀ ਤੇ ਨਾਲ ਹੀ ਕਹਿ ਦਿੱਤਾ, "ਇਹ ਦੁਨੀਆਂ ਦੇ ਝਮੇਲੇ ਛੱਡੋ' ਉਸ ਦਿਨ ਤੋਂ ਅਜਿਹਾ ਵੈਰਾਗ ਲੱਗਾ ਕਿ ਉਨ੍ਹਾਂ ਆਪਣੇ ਘਰ 'ਚ ਹੀ ਚਾਦਰ ਵਿਛਾ ਕੇ ਤੇ ਪੀਪਾ ਵਜਾ ਕੇ ਸ਼ਬਦ ਗਾਉਣ ਲੱਗ ਪਏ ਅਤੇ ਇੰਝ ਹੀ ਸਮਾਂ ਬੀਤਣ ਲੱਗਾ। ਜਲੰਧਰ 'ਚ ਆਪਣੀ ਮਾਸੀ ਦੇ ਘਰ

15 ਅਗਸਤ 1971 ਉਨ੍ਹਾਂ ਨੂੰ ਆਪਣੇ ਅੰਦਰ ਅਜਿਹੀ ਰੂਹਾਨੀ ਜੋਤ ਦਾ ਅਹਿਸਾਸ ਹੋਇਆ ਜਿਸ ਦੀ ਚਮਕ ਨਾਲ ਸਾਰੀ ਕਾਇਨਾਤ ਰੁਸ਼ਨਾ ਗਈ। ਉਨ੍ਹਾਂ ਨੂੰ ਮਨ ਅੰਦਰ ਅਜਿਹੇ 'ਅਨਹਦ ਸ਼ਬਦ' ਦੀ ਧੁਨ ਸੁਣਾਈ ਦਿੱਤੀ ਕਿ 'ਰੱਬ ਨੇ ਤੁਹਾਨੂੰ ਖਾਸ ਕੰਮ ਲਈ ਭੇਜਿਆ ਹੈ, ਉਠੋ ਤੇ ਜਾਓ ਜਾ ਕੇ ਲੋਕਾਂ ਦਾ ਭਲਾ ਕਰੋ।' 15 ਅਗਸਤ ਨੂੰ 'ਦਾਸ ਧਰਮ' ਦੇ ਪੈਰੋਕਾਰ 'ਜਯੋਤੀ ਦਿਵਸ' ਦੇ ਤੌਰ 'ਤੇ ਬੜੀ ਸ਼ਰਧਾ ਨਾਲ ਮਨਾਉਂਦੇ ਆ ਰਹੇ ਹਨ। ਇਸੇ ਦਿਨ ਹੀ ਉਨ੍ਹਾਂ ਆਪਣੇ ਆਪ ਨੂੰ ਸਿੱਖੀ ਸਰੂਪ ਵਿੱਚ ਧਾਰਨ ਕਰ ਲਿਆ ਅਤੇ ਦਰਸ਼ਨ ਲਾਲ ਤੋਂ ਦਰਸ਼ਨ ਦਾਸ ਕਿਹਾ ਸੀ।

ਇਸ ਇਲਾਹੀ ਜੋਤ ਦਾ ਪ੍ਰਗਟਾਵਾ ਹੋਣ 'ਤੇ ਹੌਲੀ-ਹੌਲੀ ਇਸ ਦੀ ਕੁਲ ਲੋਕਾਈ ਨੂੰ ਭਿਣਕ ਪੈਣ ਲੱਗ ਪਈ ਤੇ ਉਹ ਆਪਣੇ ਕਸ਼ਟ ਨਿਵਾਰਣ ਲਈ ਮਹਾਰਾਜ ਦਰਸ਼ਨ ਦਾਸ ਜੀ ਦੇ ਦਰਬਾਰ 'ਚ ਜੁੜਨ ਲੱਗੇ। ਆਏ ਦਿਨ ਇਸ ਮਹਿਮਾ ਦਾ ਪਸਾਰਾ ਵੱਧਦਾ ਹੀ ਗਿਆ। ਮਹਾਰਾਜ ਦਰਸ਼ਨ ਦਾਸ ਜੀ ਦਾ ਇਕ ਜਮਾਤੀ ਸ. ਸਖਵੰਤ ਸਿੰਘ ਜਦੋਂ ਆਪਣੀ ਕਲਾ ਦੇ ਖੇਤਰ 'ਚ ਮੁਹਾਰਤ ਹਾਸਲ ਕਰਨ ਲਈ 1972 ਵਿੱਚ ਦਿੱਲੀ ਚਲਿਆ ਗਿਆ। 1976 'ਚ ਜਦ ਉਸ ਨੇ ਇੱਕ ਦਿਨ ਦਿੱਲੀ ਦੇ ਕਨਾਟ ਪਲੇਸ ਦੀ ਇਕ ਚਾਹ ਦੀ ਦੁਕਾਨ ਤੇ ਮਹਾਰਾਜ ਦਰਸ਼ਨ ਦਾਸ ਜੀ ਦੀ ਫੋਟੋ ਵੇਖੀ ਤਾਂ ਉਹ ਹੈਰਾਨ ਰਹਿ ਗਏ ਕਿ ਇਹ ਤਾਂ ਬਾਬਾ ਦਰਸ਼ਨ ਹੈ ਤਾਂ ਉਨ੍ਹਾਂ ਬੜੀ ਉਤਸੁਕਤਾ

ਨਾਲ੍ਹ ਪੁਛਿਆ ਕਿ ਇਹ ਕਿਸਦੀ ਫੋਟੋ ਹੈ ਤਾਂ ਦੁਕਾਨ ਦੀ ਮਾਲਕਣ ਜੋ ਕਿ ਬੰਗਾਲ ਦੀ ਰਹਿਣ ਵਾਲੀ ਸੀ ਨੇ ਕਿਹਾ ਕਿ "ਯੇ ਹਮਾਰੇ ਗੁਰੂ ਜੀ ਕੀ ਤਸਵੀਰ ਹੈ।" ਸੁਖਵੰਤ ਅੱਜਕੱਲ੍ਹ ਪੰਜਾਬ ਦਾ ਨਾਮਵਰ ਕਲਾਕਾਰ ਹੈ। ਹੱਥਲੀ ਪੁਸਤਕ ਦਾ ਡਿਜ਼ਾਈਨ ਵੀ ਉਨ੍ਹਾਂ ਹੀ ਤਿਆਰ ਕੀਤਾ ਹੈ। ਇਸ ਤੋਂ ਉਨ੍ਹਾਂ ਦੀ ਮਹਿਮਾ ਬਾਰੇ ਸਪਸ਼ਟ ਹੋ ਜਾਂਦਾ ਹੈ ਕਿ ਕਿੰਨੀ ਤੇਜ਼ੀ ਨਾਲ ਉਨ੍ਹਾਂ ਦੂਜੇ ਸੂਬਿਆਂ ਦੇ ਲੋਕਾਂ ਦੇ ਮਨਾਂ ਵਿਚ ਜਗ੍ਹਾ ਬਣਾ ਲਈ ਸੀ।

ਮਹਾਰਾਜ ਦਰਸ਼ਨ ਦਾਸ ਜੀ ਦਾ ਸਮੁੱਚਾ ਜੀਵਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫਲਸਫ਼ੇ ਦੇ ਡੂੰਘੇ ਪ੍ਰਭਾਵ ਹੇਠ ਹੀ ਵਿਚਰਿਆ। ਉਨ੍ਹਾਂ ਪੰਜਾਬ ਤੇ ਹੋਰ ਦੂਰ-ਦੁਰਾਡੇ ਇਲਾਕਿਆਂ 'ਚ ਲੋਕਾਂ ਦੇ ਦੁੱਖ ਦੂਰ ਕਰਨ ਲਈ ਚਾਰੇ ਦਿਸ਼ਾਵਾਂ 'ਚ ਯਾਤਰਾਵਾਂ ਕੀਤੀਆਂ। 10 ਫਰਵਰੀ 1980 'ਚ ਉਨ੍ਹਾਂ 'ਧਰਮ ਦਾਸ' ਦੀ ਸਥਾਪਨਾ ਕੀਤੀ।

ਮਹਾਰਾਜ ਦਰਸ਼ਨ ਦਾਸ ਜੀ ਦੀ ਆਤਮਾ ਹਮੇਸ਼ਾ ਪਰਮਾਤਮਾ ਨਾਲ ਜੁੜੀ ਰਹਿੰਦੀ। ਉਹ ਮੰਨਦੇ ਸਨ ਕਿ ਹਰ ਇਨਸਾਨ ਦੀ ਆਤਮਾ ਅਸਲ 'ਚ ਪਰਮਾਤਮਾ ਦੀ ਜੋਤ ਦਾ ਹੀ ਇਕ ਹਿੱਸਾ ਹੈ। ਉਨ੍ਹਾਂ ਪਰਮਾਤਮਾ ਤੋਂ ਵਿਛੜ

ਚੁੱਕੀ ਆਤਮਾ ਨੂੰ ਉਸੇ ਜੋਤ ਨਾਲ ਜੋੜਨ ਲਈ ਸੰਗਤਾਂ ਨੂੰ ਉਪਦੇਸ਼ ਦਿੱਤੇ। ਉਨ੍ਹਾਂ ਧਾਰਮਿਕ ਕੱਟੜਤਾ ਤੇ ਮਜ਼ਹਬੀ ਜਨੂੰਨ ਦੀ ਵੀ ਜ਼ੋਰਦਾਰ ਨਿੰਦਾ ਕੀਤੀ। 1981 ਵਿੱਚ ਪੰਜਾਬ ਉਸ ਸਮੇਂ ਆਪਣੇ ਸਭ ਤੋਂ ਕਾਲੇ ਦੌਰ ਦੇ ਸ਼ੁਰੂਆਤੀ ਦਿਨਾਂ 'ਚ ਲੰਘ ਰਿਹਾ ਸੀ, ਜਦੋਂ ਨਿਰਦੋਸ਼ਾਂ ਦੇ ਖ਼ੂਨ ਨਾਲ ਧਰਤੀ ਰੰਗੀ ਜਾ ਰਹੀ ਸੀ। ਮਹਾਰਾਜ ਦਰਸ਼ਨ ਦਾਸ ਜੀ ਨੇ ਆਪਣੇ ਸੇਵਕਾਂ ਨੂੰ ਦੇਸ਼ ਦੀ ਇਕਮੁੱਠਤਾ ਲਈ ਪ੍ਰੇਰਿਆ ਅਤੇ ਸ਼ਾਂਤ ਰਹਿੰਦਿਆਂ ਆਪਣੀ ਮਾਤ-ਧਰਤ ਲਈ ਸਦਾ ਕੁਰਬਾਨ ਹੋਣ ਦਾ ਉਪਦੇਸ਼ ਵੀ ਦਿੱਤਾ।

1982 'ਚ ਉਹ ਇੰਗਲੈਂਡ ਚਲੇ ਗਏ ਜਿੱਥੇ ਉਨ੍ਹਾਂ ਬਰਮਿੰਘਮ 'ਚ ਆਪਣਾ ਡੇਰਾ ਸਥਾਪਤ ਕੀਤਾ। ਪੱਛਮ ਦੇ ਮਾਰੂ ਪ੍ਰਭਾਵ ਹੇਠ ਬਰਬਾਦ ਹੁੰਦੀ ਜਾ ਰਹੀ ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਉਨ੍ਹਾਂ ਪੂਰੇ ਇੰਗਲੈਂਡ ਦੀ ਯਾਤਰਾ ਕੀਤੀ ਤੇ ਆਪਣੇ ਉਪਦੇਸ਼ਾਂ ਰਾਹੀਂ ਸੰਗਤਾਂ ਨੂੰ ਸਮਾਜਿਕ ਬੁਰਾਈਆਂ ਵਿਰੁੱਧ ਲਾਮਬੰਦ ਕੀਤਾ।

ਮਹਾਰਾਜ ਦਰਸ਼ਨ ਦਾਸ ਦੀ ਬਹੁਤ ਥੋੜ੍ਹੇ ਸਮੇਂ 'ਚ ਹੀ ਮਹਿਮਾ ਕੁਲ ਲੁਕਾਈ 'ਚ ਹੋਣ ਲੱਗੀ। ਉਨ੍ਹਾਂ ਦੀ ਇਹੋ ਹੀ ਧਾਰਨਾ ਰਹੀ ਕਿ ਪੂਰਨ ਰੂਪ 'ਚ ਗੁਰੂ, ਮੁਰਸ਼ਦ ਜਾਂ ਪਰਮਾਤਮਾ ਨੂੰ ਸਮਰਪਿਤ ਹੋ ਕੇ ਕਰਮ ਕਰਨ ਵਾਲਾ ਮਨੁੱਖ ਸਾਰਿਆਂ ਦਾ ਦਾਸ ਹੋ ਸਕਦਾ ਹੈ। ਇਸ ਤਰ੍ਹਾਂ ਉਸ ਦੀ ਚੇਤਨਾ ਵੀ ਸ਼ੁਧ ਰਹਿੰਦੀ ਅਤੇ ਮਨੱਖ ਦਾ ਮਨ ਤੇ ਇੰਦਰੀਆਂ ਉਹਦੇ ਵੱਸ

ਰਹਿੰਦੀਆਂ ਹਨ। ਉਨ੍ਹਾਂ ਆਪਣੇ ਸੇਵਕਾਂ ਨੂੰ ਪਵਿੱਤਰਤਾ ਦੇ ਚਿੰਨ੍ਹ ਵਜੋਂ ਸਫ਼ੈਦ ਬਾਣਾ ਦਿੱਤਾ।

ਮਹਾਰਾਜ ਦਰਸ਼ਨ ਦਾਸ ਜੀ ਦੀ ਸੰਗਤ ਵਿਸ਼ਵ ਭਰ 'ਚ ਫੈਲ ਗਈ। ਇੰਗਲੈਂਡ ਦੀਆਂ ਵਿਦਿਅਕ ਸੰਸਥਾਵਾਂ 'ਚ ਉਨ੍ਹਾਂ ਦੇ ਵੱਡੇ-ਵੱਡੇ ਸਤਿਸੰਗ ਅਯੋਜਿਤ ਹੁੰਦੇ ਸਨ। ਉਨ੍ਹਾਂ ਦੇ ਸਤਿਸੰਗਾਂ ਦਾ ਕੇਂਦਰ ਬਿੰਦੂ ਇਹੋ ਹੀ ਹੁੰਦਾ ਕਿ ਇਨਸਾਨ ਨੂੰ ਦੂਸਰਿਆਂ ਲਈ ਹੀ ਜੀਉਣਾ ਤੇ ਮਰਨਾ ਚਾਹੀਦਾ ਹੈ। ਜੋ ਇਨਸਾਨ ਦੂਜਿਆਂ ਦਾ ਦੁੱਖ ਦਰਦ ਵੰਡਾਉਂਦੇ ਹਨ ਅਸਲ 'ਚ ਉਹ ਇਨਸਾਨ ਪਰਮਾਤਮਾ ਨੂੰ ਭਾਉਂਦੇ ਹਨ। ਉਨ੍ਹਾਂ ਨੇ ਆਪਣੀ ਰਚੀ ਬਾਣੀ 'ਯਸ਼ਵੰਤੀ ਨਿਰਾਧਾਰ ਧਾਮ ਪਹਿਲਾ 'ਚ ਵੀ ਜ਼ਿਕਰ ਕੀਤਾ ਹੈ ਕਿ ;

**ਹਮ ਕਰਨੇ ਆਏ ਲੋਕ ਭਲਾਈ**
**ਦੁੱਖ ਹਰ ਸਤਿਗੁਰੂ ਨਾਮ ਧਿਆਈ ।।**

11 ਨਵੰਬਰ 1987 ਨੂੰ ਮਹਾਰਾਜ ਦਰਸ਼ਨ ਦਾਸ ਜੀ ਜਦੋਂ ਇੰਗਲੈਂਡ ਵਿਚ ਇਕ ਸਕੂਲ 'ਚ ਸਤਿਸੰਗ ਕਰ ਰਹੇ ਸਨ ਤਾਂ ਉਨ੍ਹਾਂ ਮਨੁੱਖਤਾ ਦੀ ਖਾਤਰ, ਪ੍ਰੇਮ ਦੀ ਖਾਤਰ, ਸ਼ਾਂਤੀ ਦੀ ਖਾਤਰ ਆਪਣੇ ਪਿਆਰੇ ਵਤਨ ਹਿੰਦੋਸਤਾਨ ਦੀ ਖਾਤਰ ਆਪਣੇ ਪ੍ਰਾਣਾਂ ਦਾ ਬਲੀਦਾਨ ਦੇ ਕੇ 'ਦਾਸ ਧਰਮ' ਦੇ ਲਾਏ ਬੂਟੇ ਨੂੰ ਆਪਣੇ ਖੂਨ ਨਾਲ ਸਿੰਝ ਦਿੱਤਾ।

ਉਨ੍ਹਾਂ ਹਮੇਸ਼ਾ ਹੀ ਲੋਕਾਂ ਨੂੰ ਨਸ਼ਿਆਂ ਅਤੇ ਕੁਰੀਤੀਆਂ

ਤੋਂ ਬਚਣ ਲਈ ਆਪਣੇ ਸਤਿਸੰਗਾਂ ਵਿਚ ਸਿੱਖਿਆਵਾਂ ਦਿੱਤੀਆਂ। ਉਨ੍ਹਾਂ ਆਪਣੇ ਸੇਵਕਾਂ ਨੂੰ ਗ੍ਰਹਿਸਥ 'ਚ ਰਹਿੰਦਿਆਂ ਪਰਮਾਤਮਾ ਦਾ ਨਾਮ ਸਿਮਰਨ ਅਤੇ ਆਪਣੇ ਦੁਨੀਆਵੀ ਫਰਜ਼ ਨਿਭਾਉਣ ਦੀ ਵੀ ਸਿੱਖਿਆ ਦਿੱਤੀ। ਮਹਾਰਾਜ ਦਰਸ਼ਨ ਦਾਸ ਜੀ ਨੇ 'ਦਾਸ ਧਰਮ' ਦੇ ਅਜਿਹੇ ਸਿਧਾਂਤਾਂ ਤੇ ਅਸੂਲਾਂ ਦੀ ਵੀ ਸਿਰਜਨਾ ਕੀਤੀ ਜਿਨ੍ਹਾਂ 'ਚ ਰਹਿੰਦਿਆਂ ਹੀ ਸਮਾਜ ਦਾ ਭਲਾ ਹੋ ਸਕਦਾ ਹੈ। ਮਹਾਰਾਜ ਦਰਸ਼ਨ ਦਾਸ ਜੀ ਦੇ ਇਸ ਸਮੁੱਚੇ ਜੀਵਨ 'ਤੇ ਡੂੰਘੀ ਝਾਤ ਮਾਰੀਏ ਤਾਂ ਇਹ ਗੱਲ ਸਪਸ਼ਟ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਜਿਸ ਛੋਟੀ ਉਮਰ 'ਚ ਉਨ੍ਹਾਂ ਦਾ ਵੱਖਰਾ ਸਕੂਲ ਬਣਾਉਣ ਦਾ ਖਿਆਲ, ਦੁਨੀਆਂ ਲਈ ਕੁਝ ਵਖੱਰਾ ਕਰਕੇ ਜਾਣ ਵੱਲ ਸਪਸ਼ਟ ਸੰਕੇਤ ਸਨ। ਦੂਜੇ ਧਰਮਾਂ 'ਚ ਕੋਈ ਵੀ ਦਖਲਅੰਦਾਜ਼ੀ ਨਾ ਕਰਦਿਆਂ ਤੇ ਸਭ ਧਰਮਾਂ ਦਾ ਸਤਿਕਾਰ ਕਰਦਿਆਂ ਆਪਣੀ ਰੂਹਾਨੀਅਤ ਸ਼ਕਤੀ ਰਾਹੀਂ ਨਵੇਂ ਧਰਮ ਜਿਸ ਨੂੰ ਉਨ੍ਹਾਂ 'ਦਾਸ ਧਰਮ' ਦਾ ਨਾਮ ਦਿੱਤਾ, ਦੀ ਸਿਰਜਣਾ ਵੀ ਸਮੁੱਚੀ ਖਲਕਤ ਲਈ ਇਕ ਚਾਨਣ ਮੁਨਾਰਾ ਹੈ ਕਿਉਂਕਿ ਉਨ੍ਹਾਂ ਦਾ ਫਲਸਫਾ ਵੀ ਸਰਬਤ ਦੇ ਭਲੇ ਵਾਲਾ ਹੀ ਰਿਹਾ ਜੋ ਪਹਿਲੇ ਸੰਤਾਂ ਮਹਾਤਮਾ ਦਾ ਰਿਹਾ। ਮਹਾਰਾਜ ਦਰਸ਼ਨ ਦਾਸ ਜੀ ਨੇ ਆਪਣਾ ਸਮੁੱਚਾ ਜੀਵਨ 'ਦਾਸ ਧਰਮ' ਦੇ ਅਸੂਲਾਂ 'ਤੇ ਪਹਿਰਾ ਦਿੰਦਿਆਂ ਬੜੀ ਸ਼ਿੱਦਤ ਨਾਲ ਗੁਜਾਰਿਆ।

**- ਦਾਸ ਪਾਲ ਸਿੰਘ ਨੌਲੀ**

**- ਦਾਸ ਸਤਪਾਲ ਅਸੀਮ**

# ਮਹਾਰਾਜ ਦਰਸ਼ਨ ਦਾਸ ਜੀ
# ਦੇ
# ਅੰਮ੍ਰਿਤ ਬਚਨ

- ਮੇਰਾ ਦਾਤਾ ਆਖਦਾ ਹੈ, "ਜਦ ਮੈਂ ਕਿਸੇ ਨੂੰ ਆਪਣੀ ਸੱਚੀ ਦਾਤ ਦੇਣੀ ਹੁੰਦੀ ਹੈ ਤਾਂ ਮੈਂ ਉਸ ਨੂੰ ਜੱਗੀ ਦੁਖ ਅਤੇ ਦੂਰੀਆਂ ਦੇ ਦਿੰਦਾ ਹਾਂ।"
- ਰੱਬ ਜਦ ਬੰਦੇ ਤੇ ਮਿਹਰਬਾਨ ਹੁੰਦਾ ਹੈ ਤਾਂ ਉਸਦੇ ਹੱਥ ਵਿਚ ਆਪਣੀ ਕਲਮ ਦੇ ਦਿੰਦਾ ਹੈ ਅਤੇ ਕਹਿੰਦਾ ਹੈ ਕਿ ਜੋ ਲਿਖ ਦੇਵੇਂਗਾ ਉਹ ਮੈਂ ਪ੍ਵਾਨ ਕਰ ਲਵਾਂਗਾ।
- ਮੇਰਾ ਦਾਤਾ ਜਦ ਆਪਣੇ ਭਗਤਾਂ ਤੇ ਦਿਆਲ ਹੁੰਦਾ ਹੈ ਤਾਂ ਉਨ੍ਹਾਂ ਵਿਚ ਉਹ ਪਿਆਰ ਦਾ ਜਜ਼ਬਾ ਭਰਦਾ ਹੈ, ਤਲਵਾਰ ਦਾ ਨਹੀਂ।

- ਹਰ ਮਾਂ ਬਚੇ ਨੂੰ ਜਨਮ ਦੇ ਕੇ ਪਾਲ ਤਾਂ ਸਕਦੀ ਹੈ ਪਰ ਮਰਯਾਦਾ ਕੋਈ ਕੋਈ ਹੀ ਦੇ ਸਕਦੀ ਹੈ।
- ਕਲਮ ਦੇ ਲਿਖਾਰੀ ਅਤੇ ਕਲਾਮ ਦੇ ਪੁਜਾਰੀ ਨੂੰ ਰੱਬ ਇਲਹਾਮ ਦਿੰਦਾ ਹੀ ਰਹਿੰਦਾ ਹੈ।
- ਮੇਰਾ ਦਾਤਾ ਆਖਦਾ ਹੈ, "ਮੱਥੇ ਦਾ ਤਿਲਕ ਮੇਰੀ ਨਿਸ਼ਾਨੀ ਹੈ। ਇਸ ਵਿਚ ਉਹ ਸਕੂਨ ਹੈ ਜਿਸ 'ਤੇ ਮੈਂ ਸਦਾ ਹੀ ਮਿਹਰਬਾਨ ਹਾਂ।"
- ਹੇ ਦਾਤਾ! ਮੈਨੂੰ ਉਹ ਰਸਤੇ ਦੇਵੀਂ ਜਿਹੜੇ ਤੇਰੇ ਘਰ ਵਲ ਨੂੰ ਜਾਂਦੇ ਹਨ ਨਾ ਕਿ ਉਹ ਜਿਹੜੇ ਤੈਥੋਂ ਦੂਰ ਲੈ ਜਾਵਣ।
- ਮੇਰਾ ਦਾਤਾ ਆਖਦਾ ਹੈ, "ਤੁਸੀਂ ਆਪਣਾ ਕੀਮਤੀ ਵਕਤ ਮੇਰੇ ਪਿਆਰਿਆਂ ਨਾਲ ਗੁਜਾਰੋ, ਮੈਂ ਤੁਹਾਨੂੰ ਦੁਨੀਆਂ ਦੀਆਂ ਸਭ ਨਿਆਮਤਾਂ ਬਿਨਾਂ ਤਰਸਣ ਤੋਂ ਦੇ ਦਿਆਂਗਾ।"
- ਜਿਸ ਬੰਦੇ ਦੇ ਵਿਚਾਰ ਮੈਲੇ ਹਨ, ਬੁੱਧੀ ਮੈਲੀ ਹੈ, ਉਹ ਕਦੇ ਵੀ ਕਿਸੇ ਦਾ ਭਲਾ ਨਹੀਂ ਕਰ ਸਕਦਾ ਅਤੇ ਨਾ ਹੀ ਕਿਸੇ ਦਾ ਸਾਥ ਹੀ ਦੇ ਸਕਦਾ ਹੈ।
- 'ਦਾਸ ਧਰਮ' ਦੁਨੀਆਂ ਦੀ ਇਕ ਉਹ ਸਤਹ ਹੈ ਜਿਸ ਉਤੇ ਹਰ ਜੀਵ ਨੂੰ ਗੁਨਾਹ ਬਖਸ਼ਾਉਣ ਦਾ ਖੁਲ੍ਹਾ ਮੌਕਾ ਦਿੱਤਾ ਜਾਂਦਾ ਹੈ ਪਰ ਕਰਨ ਦਾ ਨਹੀਂ।

- ਧਰਮ ਖੁਦ ਆਜ਼ਾਦ ਹੁੰਦਾ ਹੈ ਅਤੇ ਦੂਜਿਆਂ ਨੂੰ ਆਜ਼ਾਦੀ ਦੇ ਸੁਨੇਹੇ ਪੇਸ਼ ਕਰਦਾ ਰਹਿੰਦਾ ਹੈ।
- 'ਦਾਸ ਧਰਮ' ਕਿਸੇ ਵੀ ਕੌਮ, ਮਜ਼ਬ, ਜਾਂ ਹਕੂਮਤ ਥੱਲੇ ਨਾ ਕੰਮ ਕਰਦਾ ਹੋਇਆ ਉਹ ਆਪਸੀ ਸਾਂਝ ਪੈਦਾ ਕਰੇਗਾ ਜਿਹੜੀ ਸਾਡੇ ਆਤਮਿਕ ਜ਼ਖਮਾਂ ਤੇ ਮਲ੍ਹਮ ਦਾ ਕੰਮ ਕਰੇਗੀ।
- 'ਦਾਸ ਧਰਮ' ਨਾ ਕਿਸੇ ਤੋਂ ਡਰਦਾ ਹੈ ਅਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ। ਇਹ ਪਿਆਰ ਦਾ ਪੁਜਾਰੀ ਹੈ।
- ਅਗਰ ਤੁਸੀਂ ਕਿਸੇ ਪਾਸੋਂ ਸਤਿਕਾਰ ਚਾਹੁੰਦੇ ਹੋ ਤਾਂ ਪਹਿਲਾਂ ਕਿਸੇ ਨੂੰ ਸਤਿਕਾਰ ਦੇ ਕੇ ਵੇਖੋਂ।
- ਸੰਤਾਂ ਦੀ ਪਹੁੰਚ ਰੱਬ ਤਕ ਹੁੰਦੀ ਹੈ।
- 'ਦਾਸ ਧਰਮ' ਵਿਚ ਆਉਣ ਵਾਲੇ ਦਾਸੋ, ਤੁਹਾਡਾ ਰੱਬ ਇਕ ਹੈ ਅਤੇ ਤੁਹਾਡਾ ਧਰਮ ਵੀ ਇਕ ਹੈ ਉਹ ਹੈ "ਇਨਸਾਨੀਅਤ।"
- ਅਨੰਦ ਦਾ ਅਸਲ ਅਰਥ ਹੈ ਸਬਰ ਅਤੇ ਸਿਦਕ।
- ਤੁਹਾਨੂੰ ਕੋਈ ਪਾਠ ਪੂਜਾ ਜਾਂ ਪੁੰਨ ਦਾਨ ਦੀ ਲੋੜ ਮਹਿਸੂਸ ਨਹੀਂ ਹੋਵੇਗੀ, ਅਗਰ ਤੁਸੀਂ ਉਸ ਰਬ ਦਾ ਆਪਣੇ ਅੰਦਰ ਭਉ ਰਖਕੇ ਉਸ ਨੂੰ ਯਾਦ ਰੱਖੋਗੇ।

- ਤੁਹਾਡੇ ਨਾਲ ਰਬ ਦਾ ਸਬੰਧ, ਤੁਹਾਡੀ ਸਿਆਣਪ ਜਾਂ ਦੁਖ-ਸੁਖ ਵੇਲੇ ਉਸ ਨੂੰ ਯਾਦ ਕਰਨ ਨਾਲ ਨਹੀਂ ਬਲਕਿ ਉਸ ਦਾ ਤੁਹਾਡੇ ਨਾਲ ਸਬੰਧ ਮਾਂ ਬਾਪ ਵਾਂਗ ਹੈ।
- ਧਰਮ ਤੁਹਾਡਾ ਵਾਅਦਾ ਤੇ ਕਰਮ ਤੁਹਾਡੀ ਜਾਤ ਹੈ, ਮਜ਼੍ਹਬ ਕੋਈ ਵੀ ਹੋ ਸਕਦਾ ਹੈ।
- 'ਦਾਸ ਧਰਮ' ਵਿਚ ਆਉਣ ਵਾਲੇ ਦਾਸੋ, ਸਭ ਕੰਮ ਭੁਲ ਕੇ ਕਿਸੇ ਰੂਪ ਵਿਚ ਵੀ ਰਬ ਨੂੰ ਯਾਦ ਕਰ ਲਉ, ਉਹ ਆਪੇ ਪ੍ਰਵਾਨ ਕਰਕੇ ਤੁਹਾਡੇ ਕੰਮ ਸੁਆਰ ਦੇਵੇਗਾ, ਪਰ ਕਹਿਣਾ ਜ਼ਰਾ ਨਿਮਰਤਾ ਨਾਲ, ਹੰਕਾਰ ਨਾਲ ਨਹੀਂ।
- ਸਮੇਂ-ਸਮੇਂ ਸਿਰ ਝੁਕ ਜਾਣਾ, ਸਮੇਂ ਸਮੇਂ ਸਿਰ ਮੁੜ ਜਾਣਾ ਗੁਨਾਹ ਨਹੀਂ, ਗੁਣ ਹੈ।
- ਜਦੋਂ ਤੁਹਾਡੇ ਹਿਰਦੇ ਵਿਚ ਰੱਬ ਦੀ ਸੱਚੀ ਯਾਦ ਵਸ ਜਾਵੇਗੀ ਤਾਂ ਉਦੋਂ ਉਹ ਤੁਹਾਨੂੰ ਆਪਣੀ ਗੋਦੀ ਵਿਚ ਲੈ ਲਵੇਗਾ।
- ਰੱਬ ਕਿਸੇ ਮਜ਼੍ਹਬ ਕੌਮ ਖ਼ਾਤਿਰ ਧਰਤੀ 'ਤੇ ਨਹੀਂ ਆਉਦਾ। ਉਹ ਪੰਜ ਤੱਤ ਦਾ ਸਗੀਰ ਲੈ ਕੇ ਧਰਤੀ ਤੇ ਉਦੋਂ ਆਉਂਦਾ ਹੈ ਜਦੋਂ ਉਸ ਦੇ ਬਣਾਏ ਹੋਏ ਇਨਸਾਨਾਂ 'ਤੇ ਜ਼ੁਲਮ ਜਾਂ ਕਹਿਰ ਹੁੰਦਾ ਹੈ, ਅਤੇ ਸੱਚਾਈ ਖਤਮ ਹੋ ਜਾਂਦੀ ਹੈ।

- ਰੱਬ ਨੂੰ ਯਾਦ ਕਰਨ ਵਾਲੇ ਉਸ ਦੇ ਪੁਤੱਰ, ਯਾਦ ਨਾ ਕਰਨ ਵਾਲੇ ਕਪੁੱਤਰ ਅਤੇ ਜੋ ਉਸਦੇ ਸੁਨੇਹੇ ਧਰਤੀ ਤੇ ਆ ਕੇ ਦਿੰਦੇ ਹਨ ਉਹ ਸਪੁੱਤਰ ਕਹਿਲਾਉਂਦੇ ਹਨ, ਜਿਨ੍ਹਾਂ ਨੂੰ ਤੁਸੀਂ ਸੰਤ, ਨਬੀ ਜਾਂ ਪੀਰ-ਪੈਗੰਬਰ ਵੀ ਕਹਿ ਸਕਦੇ ਹੋ।
- ਰੱਬ ਨੇ ਇਕ ਹੀ ਧਰਮ ਬਣਾਇਆ ਹੈ, ਉਹ ਹੈ 'ਇਨਸਾਨੀਅਤ' ਜਿਸ ਦੇ ਹਿਰਦੇ ਵਿਚ ਦਇਆ, ਸਤਿ, ਸੰਤੋਖ ਅਤੇ ਨਾਮ ਦਾ ਵਾਸ ਹੈ।
- ਸੰਤ ਤੁਹਾਨੂੰ ਦਾਨ ਦਿੰਦੇ ਹਨ ਪਰ ਤੁਸੀਂ ਸੁਖਣਾ ਸੁਖ-ਸੁਖ ਕੇ ਡੰਨ ਭਰਦੇ ਹੋ।
- ਮੇਰੇ ਰੱਬ ਦੇ ਸੁਨੇਹੇ ਤੁਹਾਡੀਆਂ ਸਾਂਝਾਂ ਵਾਸਤੇ ਹਨ ਇਹਨਾਂ ਤੇ ਚਲਣ ਵਾਲਾ ਅਤੇ ਮੰਨਣ ਵਾਲਾ ਆਦਮੀ ਸਾਂਝੀਵਾਲਤਾ ਤੇ ਸੋਝੀ ਦਾ ਸਵਾਮੀ ਬਣ ਜਾਂਦਾ ਹੈ। ਜਿਹੜੇ ਬੰਦੇ ਮੇਰੇ ਰੱਬ ਦੇ ਸੁਨੇਹਿਆਂ 'ਤੇ ਸਾਂਝ ਪੈਦਾ ਨਹੀਂ ਕਰਦੇ ਉਹ ਸ਼ੈਤਾਨ ਦਾ ਰੂਪ ਧਾਰਨ ਕਰ ਲੈਂਦੇ ਹਨ।
- ਪੂਰਨ ਪੁਰਖ ਜਾਂ ਸੰਤ ਸਾਨੂੰ ਸਮਾਜੀ ਬੰਧਨਾਂ ਤੋਂ ਮੁਕਤ ਕਰਾਉਣ ਲਈ ਆਉਂਦੇ ਹਨ, ਫਸਾਉਣ ਲਈ ਨਹੀਂ।
- ਅਗਰ ਰੱਬ ਕੋਲੋਂ ਕੁਝ ਮੰਗਣਾ ਹੋਵੇ ਤਾਂ ਉਸ ਕੋਲੋਂ ਉਸ ਦੀਆਂ ਦਿਤੀਆਂ ਹੋਈਆਂ ਨਿਆਮਤਾਂ ਨੂੰ ਵਰਤਣ ਦੀ ਸੋਝੀ ਮੰਗੋ।

ਮੇਰਾ ਦਾਤਾ ਸਭ ਦਾਸਾਂ ਨੂੰ ਇੱਜ਼ਤ, ਮਾਣ ਅਤੇ ਸਤਿਕਾਰ ਦਿੰਦਾ ਹੈ, ਅਗੋਂ ਉਸ ਨੂੰ ਬਰਕਰਾਰ ਰਖਣਾ ਜੀਵ ਦੇ ਹੱਥ ਵਸ ਹੈ, ਨਾ ਕਿ ਦਾਤਾ ਦੇ।

ਮੇਰਾ ਦਾਤਾ ਆਖਦਾ ਹੈ, "ਤੁਸੀਂ ਉਸ ਵਕਤ ਸਜ਼ਾ ਦੇ ਭਾਗੀ ਬਣ ਜਾਵੋਗੇ ਜਦੋਂ ਤੁਸੀਂ ਮੇਰੇ ਦਿਤੇ ਹੋਏ ਸਤਿਕਾਰ ਅਤੇ ਇਤਬਾਰ ਨੂੰ ਬੇਤੁਕਾ ਜੱਗੀ ਖਿਆਲਾਂ ਰਾਹੀਂ ਰੋਲੋਗੇ।"

ਮੇਰਾ ਦਾਤਾ ਆਖਦਾ ਹੈ, "ਜੋ ਜੀਵ ਸੱਚ ਤੇ ਚੱਲਦੇ ਹੋਏ ਆਪਣੀਆਂ ਬਾਹਰੀ ਇਛਾਵਾਂ ਛੱਡਕੇ ਦੂਸਰਿਆਂ ਲਈ ਦੁਖਾਂ ਮੁਸੀਬਤਾਂ ਦਾ ਸਾਹਮਣਾ ਕਰਦੇ ਹਨ ਮੈਂ ਉਨ੍ਹਾਂ ਨੂੰ ਪ੍ਰਵਾਨ ਕਰ ਲੈਂਦਾ ਹਾਂ।"

ਜਦ ਵੀ ਕਿਸੇ ਇਨਸਾਨ ਨੂੰ ਉਸਦੀ ਔਕਾਤ ਤੋਂ ਜ਼ਿਆਦਾ ਚੀਜ਼ ਮਿਲ ਜਾਂਦੀ ਹੈ ਤਾਂ ਉਸਦਾ ਦਿਮਾਗ਼ ਘੁੰਮਣ ਲਗ ਜਾਂਦਾ ਹੈ ਅਤੇ ਉਹ ਗਲਤ ਹੋ ਜਾਂਦਾ ਹੈ।

ਝੂਠ ਬੋਲਣ ਨਾਲ ਥੋੜ੍ਹੀ ਦੇਰ ਲਈ ਸੁਖ ਤਾਂ ਮਿਲ ਸਕਦਾ ਹੈ, ਪਰ ਅਨੰਦ ਨਹੀਂ। ਸੱਚ ਬੋਲਣ ਤੇ ਪਹਿਲਾਂ ਦੁੱਖ ਸਹਿਨ ਕਰਕੇ ਵੀ ਬਾਅਦ ਵਿਚ ਸ਼ਾਂਤੀ ਅਤੇ ਅਨੰਦ ਮਹਿਸੂਸ ਹੁੰਦਾ ਹੈ।

ਰੱਬ ਕੋਲੋਂ ਦੁੱਖਾਂ ਦਾ ਛੁਟਕਾਰਾ ਨਾ ਮੰਗੋ ਬਲਕਿ ਦੁੱਖਾਂ ਨੂੰ ਸਹਿਣ ਦੀ ਹਿੰਮਤ ਮੰਗਣੀ ਚਾਹੀਦੀ ਹੈ ਕਿਉਂਕਿ, ਇਹ ਤੁਹਾਡੇ ਪੂਰਬਲੇ ਕਰਮਾਂ ਦਾ ਫਲ ਹੈ।

- ਰੱਬ ਪਾਸੋਂ ਕਦੇ ਜੱਗੀ ਦਾਤਾਂ ਨਾ ਮੰਗੋ, ਸਿਰਫ ਦਾਤਾ ਮੰਗੋ। ਜਦ ਦਾਤਾ ਘਰ ਆ ਗਿਆ ਤਾਂ ਦਾਤਾਂ ਆਪਣੇ ਆਪ ਹੀ ਚਲੀਆਂ ਆਉਣਗੀਆਂ।
- ਤੁਸੀਂ ਆਪਣੀਆਂ ਬਾਹਰੀ ਸੋਚਾਂ ਰਾਹੀਂ ਰੱਬ ਦੇ ਦਿੱਤੇ ਹੋਏ ਸੁਖ ਗਵਾ ਕੇ ਦੁਖ ਖਰੀਦ ਦੇ ਹੋ, ਪਰ ਸੰਤ ਤੁਹਾਡੇ ਦੁਖ ਕੱਟਕੇ ਤੁਹਾਨੂੰ ਫਿਰ ਸੁਖ ਦਿੰਦੇ ਹਨ।
- ਤੁਸੀਂ ਕਰਮ ਭੋਗਣ ਆਉਂਦੇ ਹੋ ਪਰ ਸੰਤ ਕਰਮ ਕਮਾਉਣ ਆਉਂਦੇ ਹਨ।
- ਜੀਵ ਪਿਛਲੇ ਜਨਮ ਦੇ ਕਰਮਾਂ ਮੁਤਾਬਕ ਜਨਮ ਲੈਂਦਾ ਹੈ, ਪਰ ਸੰਤ ਰੱਬ ਦੀ ਡਿਊਟੀ ਮੁਤਾਬਕ ਧਰਤੀ 'ਤੇ ਆਉਂਦੇ ਹਨ।
- ਆਪਣੇ ਅਰਮਾਨਾਂ ਨੂੰ ਮਾਰ ਕੇ ਦੂਸਰੇ ਦੇ ਅਰਮਾਨ ਪੂਰੇ ਕਰਨੇ ਜਾਂ ਆਪ ਭੁਖਿਆਂ ਰਹਿ ਕੇ ਦੂਜੇ ਦਾ ਪੇਟ ਭਰਨਾ ਹੀ ਅਸਲ ਖੁਸ਼ੀ ਹੈ।
- ਸੱਚੀ ਮੁੱਹਬਤ ਹੀ ਅਸਲ ਸੁਖ ਹੈ ਜਿਸਦਾ ਕੋਈ ਮਜ਼੍ਹਬ ਨਹੀਂ।
- ਜੋ ਲੋਕ ਲਕੀਰ ਦੇ ਫਕੀਰ ਹੁੰਦੇ ਹਨ ਉਨ੍ਹਾਂ ਦਾ ਹਾਲ ਭੇਡਾਂ ਦੇ ਮਗਰ ਲਗਣ ਵਾਲਾ ਹੁੰਦਾ ਹੈ ਨਾ ਕਿ ਸ਼ੇਰ ਵਾਲਾ। ਇਹ ਉਨ੍ਹਾਂ ਲੋਕਾਂ ਦੀ ਨਾ ਤਾਂ ਤਕਸੀਰ, ਨਾ ਤਕਦੀਰ ਅਤੇ ਨਾ

ਹੀ ਤਦਬੀਰ ਕਹੀ ਜਾ ਸਕਦੀ ਹੈ। ਇਹ ਸਿਰਫ ਉਨ੍ਹਾਂ ਦੀ ਬੇਸਮਝੀ ਜਾਂ ਭੋਲਾਪਨ ਹੈ ਕਿ ਉਹ ਆਪਣੇ ਜੀਵਨ ਨੂੰ ਉੱਚਾ ਬਨਾਉਣ ਲਈ ਆਪਣਾ ਰਾਹ ਆਪ ਨਹੀਂ ਲਭਦੇ।

- ਮੇਰਾ ਦਾਤਾ ਆਖਦਾ ਹੈ, "ਜੇ ਤੁਸੀਂ ਆਪਣੀਆਂ ਰਾਹਾਂ ਖੁਦ ਤਲਾਸ਼ ਕਰੋਗੇ ਤਾਂ ਮੈਂ ਤੁਹਾਡੀ ਹਰ ਰਾਹ ਤੇ ਤੁਹਾਡਾ ਇਕ ਨੇਕ ਸਾਥੀ, ਹਮਰਾਹੀ ਜਾਂ ਹਮਰਾਜ ਬਣਕੇ ਮਦਦ ਕਰਾਂਗਾ।"
- ਮੇਰਾ ਦਾਤਾ ਆਖਦਾ ਹੈ, "ਜਦ ਤੁਸੀਂ ਸਾਰੇ ਲੋਕ ਆਪਣੇ ਅਸਲੀ ਘਰ ਵਲ ਮੁੜ ਪਵੋਗੇ ਤਾਂ ਮੇਰੇ ਘਰ ਦੇ ਸਾਰੇ ਦਰਵਾਜ਼ੇ ਤੁਹਾਡੇ ਲਈ ਆਪਣੇ ਆਪ ਹੀ ਖੁਲ੍ਹ ਜਾਣਗੇ।"
- ਮੇਰਾ ਦਾਤਾ ਆਖਦਾ ਹੈ, "ਜਦ ਤੁਸੀਂ ਮੇਰੇ ਬੰਦਿਆਂ ਨਾਲ ਪਿਆਰ ਕਰਨ ਲੱਗ ਪਵੋਗੇ ਤਾਂ ਤੁਹਾਡਾ ਹਰ ਪਲ ਮੇਰੇ ਘਰ ਵਿਚ ਬੰਦਗੀ ਬਣਦਾ ਜਾਵੇਗਾ।"
- ਮੇਰਾ ਰੱਬ ਆਖਦਾ ਹੈ, "ਜਦ ਤੁਸੀਂ ਮੇਰੇ ਨਾਲ ਪੂਰਨ ਤੌਰ 'ਤੇ ਜੁੜ ਜਾਵੋਗੇ ਤਾਂ ਮੈਂ ਤੁਹਾਡੀਆਂ ਆਉਣ ਵਾਲੀਆਂ ਸਭ ਮੁਸ਼ਕਿਲਾਂ ਹਲ ਕਰਕੇ ਤੁਹਾਡੀ ਝੋਲੀ ਖੁਸ਼ੀਆਂ ਨਾਲ ਭਰ ਦਿਆਂਗਾ।"
- ਔਖਾ ਪੈਂਡਾ ਉਦੋਂ ਕੱਟਿਆ ਜਾਂਦਾ ਹੈ ਜਦ ਬੰਦੇ ਨੂੰ ਆਪਣੇ ਆਪ ਤੇ ਭਰੋਸਾ ਹੋ ਜਾਵੇ।

- ਮਾਂ ਪੁੱਤ ਜੰਮਦੀ ਹੈ, ਚੋਰ ਠੱਗ ਨਹੀਂ। ਚੋਰੀ ਠੱਗੀ ਉਸ ਨੂੰ ਸੋਹਬਤ ਤੋਂ ਮਿਲਦੀ ਹੈ।
- ਰੱਬ ਆਪਣੇ ਦਾਸਾਂ ਤੇ ਉਦੋਂ ਮਿਹਰਬਾਨ ਹੁੰਦਾ ਹੈ ਜਦ ਉਹ ਉਸ (ਰੱਬ) ਦੇ ਦਿੱਤੇ ਹੋਏ ਦੁਖ-ਸੁਖ ਕਬੂਲ ਕਰਕੇ ਉਹਦੇ ਨਾਲ ਸਹਿਮਤ ਹੋ ਜਾਂਦੇ ਹਨ।
- ਮਾਇਆ 'ਤੇ ਬੈਠਾ ਸੱਪ ਅੰਨ੍ਹਾ ਤਾਂ ਹੋ ਜਾਂਦਾ ਹੈ ਪਰ ਜ਼ਹਿਰ ਨਹੀਂ ਛੱਡਦਾ ।
- ਦੁਖ ਅਤੇ ਸੁਖ ਜੀਵ ਨੂੰ ਰੱਬ ਨਹੀਂ ਦਿੰਦਾ ਉਹ ਸਿਰਫ ਜਨਮ ਦਿੰਦਾ ਹੈ। ਇਹ ਜੀਵ ਨੂੰ ਉਹਦੇ ਕਰਮਾਂ ਅਨੁਸਾਰ ਮਿਲਦੇ ਹਨ।
- ਨਾਮਲੇਵਾ ਜੀਵ ਦੀ ਰੂਹਾਨੀ ਅਵਸਥਾ ਉਸਦੀ ਭਾਵਨਾ, ਇਰਾਦੇ ਅਤੇ ਨਾਮ ਕਮਾਈ ਤੇ ਨਿਰਭਰ ਕਰਦੀ ਹੈ।
- ਜੀਵ ਨੂੰ ਸੰਤਾਂ ਦੇ ਰੱਬੀ ਕਥਨਾਂ ਦਾ ਸਿਰਫ਼ ਰਸ ਹੀ ਨਹੀਂ ਮਾਨਣਾ ਚਾਹੀਦਾ ਸਗੋਂ ਉਨ੍ਹਾਂ ਨੂੰ ਪੱਲੇ ਬੰਨ੍ਹ ਕੇ ਆਪਣੇ ਆਪ ਨੂੰ ਉਨ੍ਹਾਂ ਮੁਤਾਬਕ ਢਾਲਣਾ ਚਾਹੀਦਾ ਹੈ।
- ਮੇਰਾ ਦਾਤਾ ਆਖਦਾ ਹੈ, "ਜੋ ਜੀਵ ਮੇਰੀ ਦਿੱਤੀ ਹੋਈ ਹਰ ਚੀਜ਼ ਨੂੰ ਸ਼ੁਕਰ ਕਰਕੇ ਜਾਂ ਪ੍ਰਸ਼ਾਦਿ ਸਮਝ ਕੇ ਕਬੂਲ ਕਰ

ਲਵੇਗਾ, ਉਸ ਨੂੰ ਮੈਂ ਵੀ ਕਬੂਲ ਕਰ ਲਵਾਂਗਾ।"

- ਮੇਰਾ ਰੱਬ ਮਿਹਰਵਾਨ ਤੇ ਨਿਗਾਹਵਾਨ ਹੈ, ਜਿਹੜਾ ਸਾਡੇ ਔਗੁਣਾ ਤੇ ਗੁਨਾਹਾਂ ਨੂੰ ਨਾ ਚਿਤਾਰਦਾ ਹੋਇਆ ਸਾਨੂੰ ਆਪਣੀ ਗੋਦੀ 'ਚ ਲੈ ਕੇ ਦੁਨੀਆਂ ਦੇ ਜਸ ਅਤੇ ਮਾਣ ਦੁਆਉਂਦਾ ਹੈ।

- ਆਪਣੀਆਂ ਗਲਤੀਆਂ ਨੂੰ ਬਾਰ ਬਾਰ ਕੋਸਣ ਦੀ ਬਜਾਏ ਬੇਹਤਰ ਇਹ ਹੈ ਕਿ ਉਹਨਾਂ ਨੂੰ ਵਿਸਾਰ ਕੇ ਅਗੋਂ ਆਪਣੀ ਜ਼ਿੰਦਗੀ ਵਿਚ, ਨਵੀਂ ਅਤੇ ਸੱਚੀ ਸੁੱਚੀ ਚੀਜ਼ ਪਾਉਣ ਲਈ ਆਪਣਾ ਜਨੂੰਨ, ਜ਼ਮੀਰ ਅਤੇ ਜਿਸਮ ਕਿਸੇ ਪੂਰਨ ਪੁਰਖ ਦੇ ਹਵਾਲੇ ਕਰ ਦਿਉ। ਫਿਰ ਉਹ ਤੁਹਾਡੀਆਂ ਸਭ ਜ਼ੰਜ਼ੀਰਾ ਦਾ ਫੰਦਾ ਤੋੜ ਦੇਵੇਗਾ।

- ਮੇਰਾ ਰੱਬ ਆਖਦਾ ਹੈ, "ਜਦ ਤੁਸੀਂ ਝੂਠ ਨੂੰ ਬਿਲਕੁਲ ਛੱਡਣ ਲਈ ਤਿਆਰ ਹੋ ਜਾਵੋਗੇ ਤਾਂ ਮੈਂ ਤੁਹਾਨੂੰ ਸੱਚਾ ਰਸਤਾ ਅਤੇ ਸੱਚ ਬੋਲਣ ਦੀ ਹਿੰਮਤ ਦੇ ਦਿਆਂਗਾ।"

- ਮੇਰਾ ਦਾਤਾ ਆਖਦਾ ਹੈ, "ਤੁਸੀਂ ਦੇਣ ਵਾਸਤੇ ਤਿਆਰ ਹੋਵੋ ਮੈਂ ਤੁਹਾਡੇ ਸਾਰੇ ਗੁਨਾਹ ਲੈ ਲਵਾਂਗਾ, ਗੁਣ ਨਹੀਂ। ਤੁਸੀਂ ਲੈਣ ਵਾਸਤੇ ਤਿਆਰ ਹੋਵੋ ਮੈਂ ਸਾਰੀ ਦੁਨੀਆਂ ਦੇ ਗੁਣ ਅਤੇ ਖਜ਼ਾਨੇ ਤੁਹਾਡੀ ਝੋਲੀ ਵਿੱਚ ਪਾ ਦਿਆਂਗਾ।"

- ਮੇਰਾ ਦਾਤਾ ਆਖਦਾ ਹੈ, "ਐ ਦੁਨੀਆਂ ਦੇ ਬੰਦਿਓ ! ਤੁਸੀਂ ਆਪਣੇ

ਬਣਾਏ ਹੋਏ ਰੱਬ ਦੇ ਘਰ ਮੰਦਰ, ਮਸੀਤ, ਗੁਰਦੁਆਰਿਆਂ ਦੀ ਸਫ਼ਾਈ ਕੀ ਕਰਨੀ ਹੈ, ਪਹਿਲਾਂ ਆਪਣੇ ਘਰਾਂ (ਸਰੀਰ) ਦੀ ਸਫ਼ਾਈ ਕਰੋ, ਭਾਵ ਇਸ ਵਿਚੋਂ ਝੂਠ, ਕੱਪਟ, ਫਰੇਬ, ਦਾ ਕੂੜਾ ਕੱਢੋ।"

- ਜਿਹੜੇ ਕਹਿਰ ਕਰਦੇ ਹਨ ਉਹ ਕਾਇਰ ਹੁੰਦੇ ਹਨ ਅਤੇ ਜਿਹੜੇ ਬਚਾਉਂਦੇ ਹਨ ਉਹ ਸੂਰਬੀਰ ਕਹਾਉਣ ਦੇ ਹੱਕਦਾਰ ਹੁੰਦੇ ਹਨ।
- ਰੱਬ ਨੂੰ ਆਪਣੇ ਭਗਤਾਂ ਦੀ ਤਲਾਸ਼ ਹੁੰਦੀ ਹੈ, ਭਗਤੀ ਕਰਨ ਵਾਲਿਆਂ ਦੀ ਨਹੀਂ।
- ਖਲਕਤ ਨੂੰ ਬਾਦਸ਼ਾਹ ਦੀ ਜ਼ਰੂਰਤ ਹੁੰਦੀ ਹੈ ਵਜ਼ੀਰ ਦੀ ਨਹੀਂ। ਬਾਦਸ਼ਾਹ ਨੂੰ ਵਜ਼ੀਰ ਦੀ ਲੋੜ ਹੁੰਦੀ ਹੈ ਖਲਕਤ ਦੀ ਨਹੀਂ।
- ਮੇਰਾ ਰੱਬ ਜਦ ਮਿਹਰ ਦੇ ਘਰ ਵਿਚ ਆ ਕੇ ਆਪਣੀ ਦਿਆਲਤਾ ਅਤੇ ਰਹਿਮਤ ਦੀ ਜੀਵ ਉਪਰ ਬਰਸਾਤ ਕਰਦਾ ਹੈ ਤਾਂ ਉਹ ਉਹਦੇ ਸਭ ਗੁਨਾਹ ਮੂਸਲਾਧਾਰ ਬਾਰਸ਼ ਵਾਂਗ ਰੋੜ੍ਹ ਕੇ ਲੈ ਜਾਂਦਾ ਹੈ ਜਿਸ ਨਾਲ ਜੀਵ ਦੀ ਜ਼ਿੰਦਗੀ ਅਨੰਦ ਪੂਰਣ ਹੋ ਜਾਂਦੀ ਹੈ।
- ਮੇਰਾ ਦਾਤਾ ਆਖਦਾ ਹੈ, "ਮੈਂ ਤੁਹਾਡੀ ਸੱਚੀ ਯਾਦ ਦਾ ਮਾਲਕ ਹਾਂ। ਮੈਨੂੰ ਜਿਥੇ ਵੀ ਤੁਸੀਂ ਸੱਚੇ ਦਿਲੋਂ ਯਾਦ ਕਰੋਗੇ ਮੈਂ ਉਥੇ ਹੀ ਤੁਹਾਡੇ ਸੰਗ ਆ ਖੜਾ ਹੋਵਾਂਗਾ।"

- ਮੇਰਾ ਰੱਬ ਆਖਦਾ ਹੈ, "ਬੰਦੇ ਨੂੰ ਮਾੜੇ ਰਾਹਾਂ 'ਤੇ ਚਲਣ ਜਾਂ ਜ਼ੁਲਮ ਕਰਨ ਦੀ ਮੈਂ ਨਿਸਚਿਤ ਸਮੇਂ ਤਕ ਮੋਹਲਤ ਦਿੰਦਾ ਹਾਂ ਜੇ ਉਹ ਬਾਜ਼ ਆ ਜਾਵੇ ਤਾਂ ਮੈਂ ਉਸ ਨੂੰ ਮੁਆਫ਼ ਕਰਕੇ ਆਪਣੀ ਗੋਦੀ ਵਿਚ ਲੈ ਲੈਂਦਾ ਹਾਂ, ਨਹੀਂ ਤਾਂ ਮਾਤ ਗਰਭ ਵਿਚ ਨੌਂ ਨੌਂ ਮਹੀਨੇ ਪੁੱਠੇ ਲਟਕਣ ਦੀ ਸਜ਼ਾ ਦਿੰਦਾ ਹਾਂ ਕਿਉਂਕਿ ਸਭਨਾਂ ਦੀ ਬੋਦੀ ਮੇਰੇ ਹੱਥ ਵਿਚ ਹੈ. ਮੇਰੇ ਕੋਲੋਂ ਕੋਈ ਬਚ ਨਹੀਂ ਸਕਦਾ।"
- ਅਸਲ ਸੱਚੀ ਪ੍ਰੀਤ ਜਾਂ ਮੁਹੱਬਤ ਉਹ ਹੁੰਦੀ ਹੈ ਜਿਸ ਵਿਚ ਕਿਸੇ ਪਾਪ, ਪੁੰਨ, ਸੋਚ ਜਾਂ ਦੁਨੀਆਂ ਦੀ ਬਾਹਰੀ ਸ਼ਰ੍ਹਾ ਦਾ ਡਰ ਨਾ ਹੋਵੇ। ਪਰ ਜਿਹੜੀ ਇਨ੍ਹਾਂ ਸਮਾਜੀ ਬੰਧਨਾਂ ਦੇ ਅਧੀਨ ਹੁੰਦੀ ਹੈ ਉਹ ਅਸਲ ਪ੍ਰੀਤ ਜਾਂ ਮੁਹੱਬਤ ਨਹੀਂ ਬਲਕਿ ਤੁਹਾਡੀ ਜ਼ਰੂਰਤ ਹੈ ਜਿਸ ਵਿਚ ਆਪਣੇ ਸੁਖਾਂ ਨੂੰ ਪਾਉਣ ਲਈ ਤੁਹਾਡੀ ਗਰਜ਼ ਜਾਂ ਵਹਿਸ਼ਆਨਾ ਹਵਸ ਹੁੰਦੀ ਹੈ।
- ਜਿਹੜੀ ਕੌਮ ਜਾਂ ਜਮਾਤ ਦੂਸਰੇ ਨੂੰ ਮਾਰ ਕੇ ਜਾਂ ਦਬਾ ਕੇ ਰਾਜ ਕਰਨਾ ਚਾਹੁੰਦੀ ਹੈ ਉਹ ਸਦਾ ਲਈ ਕਾਇਮ ਨਹੀਂ ਰਹਿ ਸਕਦੀ। ਅਟੱਲ ਰਾਜ ਸਿਰਫ ਪਿਆਰ ਦਾ ਹੀ ਰਹਿ ਸਕਦਾ ਹੈ।
- ਮੇਰਾ ਦਾਤਾ ਆਖਦਾ ਹੈ, "ਤੁਹਾਡੀਆਂ ਕਬਰਾਂ ਵੱਖਰੀਆਂ ਨਹੀਂ ਹੋਈਆਂ ਬਲਕਿ ਤੁਹਾਡੇ ਕਾਰਵਾਂ ਅਤੇ ਕਾਫਲੇ ਵੱਖਰੇ ਹੋ ਗਏ ਹਨ।"

- ਰੱਬ ਬੰਦੇ 'ਤੇ ਕਹਿਰ ਢਾਹੁੰਦਾ ਨਹੀਂ ਸਗੋਂ ਕਹਿਰ ਤੋਂ ਬਚਾਉਂਦਾ ਹੈ। ਉਹ ਕਹਿਰ ਕਰਨਾ ਸਿਖਾਉਂਦਾ ਨਹੀਂ ਬਲਕਿ ਉਸ ਤੋਂ ਬਚਣ ਦਾ ਤਰੀਕਾ ਸਮਝਾਉਂਦਾ ਹੈ।
- ਬੁਰੇ ਆਦਮੀ ਕੋਲੋਂ ਕਦੇ ਡਰੋ ਨਾ, ਸਿਰਫ ਉਸ ਕੋਲੋਂ ਬਚਣ ਦੀ ਕੋਸ਼ਿਸ਼ ਕਰੋ। ਅਗਰ ਡਰਨਾ ਹੈ ਤਾਂ ਖੁਦ ਆਪਣੀਆਂ ਬੁਰਿਆਈਆਂ ਤੋਂ ਡਰੋ।
- ਮੁਹੱਬਤ ਜ਼ਿੰਦਗੀ ਹੈ ਮੌਤ ਨਹੀਂ।
- ਮੁਹੱਬਤ ਕਾਇਰ ਨਹੀਂ, ਬੰਦਾ ਕਾਇਰ ਹੈ।
- ਦਯਾ ਅਤੇ ਮਿਹਰ, ਰੱਬ ਕਰਦਾ ਹੈ, ਕਿਰਪਾ ਸੰਤ ਕਰਦੇ ਹਨ।
- ਤੰਗਦਿਲੀ ਇਨਸਾਨ ਦੀ ਜ਼ਮੀਰ ਨਹੀਂ, ਕਮਜ਼ੋਰੀ ਹੈ।
- 'ਦਾਸ ਧਰਮ' ਵਿਚ ਆਉਣ ਵਾਲੇ ਦਾਸੋ ਤੁਸੀਂ ਇਸ ਧਰਮ ਦੇ ਉਹ ਥੰਮ ਹੋ ਜਿਨ੍ਹਾਂ 'ਤੇ ਦੁਖੀ ਲੋਕਾਂ ਦੇ ਦੁੱਖਾਂ ਦੀ ਛੱਤ ਪੈਣੀ ਹੈ। ਸੋ ਤੁਸੀਂ ਆਪਣੇ ਆਪ ਨੂੰ ਇੰਨਾਂ ਕੁ ਮਜ਼ਬੂਤ ਕਰ ਲਵੋ ਕਿ ਦੂਸਰੇ ਦੇ ਭਲੇ ਲਈ ਅਗਰ ਤੁਹਾਨੂੰ ਕੋਈ ਵੀ ਦੁੱਖ ਸਹਿਣਾ ਪਵੇ ਤਾਂ ਹੱਸ ਕੇ ਝੱਲ ਸਕੋ।
- 'ਦਾਸ ਧਰਮ' ਝੁਕਣਾ ਜਾਂ ਝੁਕਾਉਣਾ ਨਹੀਂ ਜਾਣਦਾ ਸਿਰਫ

ਦੂਸਰਿਆਂ ਨੂੰ ਉਠਾਉਣਾ ਜਾਣਦਾ ਹੈ।

- ਮੁਰਸ਼ਦ ਸੇਵਕ ਦੇ ਹਮੇਸ਼ਾ ਅੰਗ ਨਹੀਂ ਬਲਕਿ ਸੰਗ ਰਹਿੰਦਾ ਹੈ।
- ਪੂਰਨ ਪੁਰਖ ਦੀ ਆਪਣੇ ਸੇਵਕ ਤੇ ਰੱਬੀ ਰਹਿਮਤ ਦੀ ਅਸਲ ਨਿਸ਼ਾਨੀ ਉਸ ਦੇ ਜੱਗੀ ਦੁੱਖ ਦਲਿਦਰ ਅਤੇ ਆਪਣੇ ਤੋਂ ਦੂਰੀਆਂ ਹੁੰਦੀਆਂ ਹਨ ਨਾ ਕਿ ਜੱਗੀ ਸੁਖ ਅਤੇ ਨੇੜਤਾ।
- ਬਦੀ ਕਰਨ ਲਗਿਆਂ ਹਮੇਸ਼ਾਂ ਸੋਚੋ ਪਰ ਨੇਕੀ ਕਰਨ ਵਕਤ ਕਦੇ ਨਾ ਸੋਚੋ।
- ਸੰਤ ਸਾਨੂੰ ਜੱਗ ਦੀਆਂ ਝੂਠੀਆਂ ਆਸਾਂ ਨਾਲੋਂ ਤੋੜ ਕੇ, ਸੱਚੀਆਂ ਆਸਾਂ ਨਾਲ ਜੋੜਦੇ ਹਨ।
- ਪ੍ਰਮਾਤਮਾ ਨੂੰ ਵਿਸਾਰ ਕੇ ਤੁਸੀਂ ਜੱਗੀ ਸੁਖ ਤਾਂ ਹਾਸਿਲ ਕਰ ਸਕਦੇ ਹੋ ਪਰ ਆਤਮਿਕ ਅਨੰਦ ਨਹੀਂ।
- ਰੱਬ ਕਰਨਹਾਰ ਹੈ, ਸੰਤ ਕਰਾਵਣਹਾਰ ਹੁੰਦੇ ਹਨ।
- ਗਲਤੀ ਮੰਨ ਲੈਣਾ ਗੁਣ ਹੈ, ਗੁਨਾਹ ਨਹੀਂ।
- ਰੱਬ ਨੂੰ ਤੁਹਾਡੀ ਭਗਤੀ ਦੀ ਨਹੀਂ ਬਲਕਿ ਪਿਆਰ ਅਤੇ ਸੱਚੀ ਯਾਦ ਦੀ ਲੋੜ ਹੈ।
- ਦਾਨਸ਼ਮੰਦ ਦਾ ਕੰਮ ਦੇਣਾ ਹੁੰਦਾ ਲੈਣਾ ਨਹੀਂ।
- ਸੰਤਾਂ ਦੇ ਦਰਬਾਰ 'ਤੇ ਭਾਵਨਾ ਦੀ ਕਦਰ ਪੈਂਦੀ ਹੈ, ਚਤੁਰਾਈ ਦੀ

ਨਹੀਂ।

- ਆਮ ਲੋਕ ਕਹਿੰਦੇ ਹਨ ਕਿ ਦੀਵੇ ਥੱਲੇ ਹਨੇਰਾ ਹੁੰਦਾ ਹੈ ਪਰ ਉਹ ਦੀਵੇ ਦੀ ਕੁਰਬਾਨੀ ਵਲ ਨਹੀਂ ਵੇਖਦੇ ਕਿ ਉਹ ਖੁਦ ਹਨੇਰੇ ਵਿਚ ਰਹਿ ਕੇ ਵੀ ਦੂਸਰਿਆਂ ਨੂੰ ਪ੍ਰਕਾਸ਼ ਦਿੰਦਾ ਹੈ।
- ਤੁਸੀਂ ਆਪਣੀਆਂ ਇੱਜ਼ਤਾਂ ਖਾਤਿਰ ਰਾਵਣ ਬਣ ਜਾਂਦੇ ਹੋ, ਪਰ ਸੰਤ ਤੁਹਾਡੀ ਖਾਤਿਰ ਰਾਮ ਬਣ ਜਾਂਦੇ ਹਨ।
- ਜਿਸ ਕੌਮ, ਮਜ਼੍ਹਬ ਅਤੇ ਹਕੂਮਤ ਵਿਚ ਹਉਮੈ ਆ ਗਿਆ, ਤਾਂ ਸਮਝੋ ਉਹ ਖਤਮ।
- ਰੱਬ ਬੇ-ਪ੍ਰਵਾਹ ਅਤੇ ਬਾ-ਪ੍ਰਵਾਹ ਹੈ ਲਾਪ੍ਰਵਾਹ ਨਹੀਂ। ਲਾ-ਪ੍ਰਵਾਹ ਬੰਦਾ ਹੈ।
- ਤੁਸੀਂ ਜੀਵ ਇੰਦਰੀਆਂ ਦੇ ਜੰਜਾਲ ਵਿਚ ਫਸਕੇ ਦਿਲ ਨਾਲ ਸੋਚਦੇ ਹੋ ਜਿਸਦਾ ਨਤੀਜਾ ਕਈ ਵਾਰ ਗਲਤ ਹੋ ਜਾਂਦਾ ਹੈ। ਪਰ ਸੰਤ ਇੰਦਰੀਆਂ ਤੋਂ ਉਤੇ ਉਠਕੇ ਦਿਮਾਗ ਨਾਲ ਸੋਚਦੇ ਹਨ ਜਿਸ ਕਰਕੇ ਉਨ੍ਹਾਂ ਦੀ ਹਰ ਸੋਚ ਦੂਰ ਅੰਦੇਸ਼ੀ ਦੀ ਮਾਲਕ ਹੁੰਦੀ ਹੈ।
- ਦੁਨਿਆਵੀ ਜੀਵ ਸੰਤ ਸ਼ਰਨ ਵਿਚ ਜਾ ਕੇ ਆਪਣੇ ਤਨ ਦੀ ਸ਼ੁਧਤਾ, ਨਿਸ਼ਕਾਮ ਸੇਵਾ ਨਾਲ, ਮਨ ਦੀ ਭਜਨ ਸਿਮਰਨ ਕਰਕੇ ਜਾਂ ਉਸਦੀ ਸੱਚੀ ਯਾਦ ਨਾਲ ਅਤੇ ਧੰਨ ਦੀ ਧੰਨ

ਦਾਨ ਕਰਨ ਨਾਲ ਕਰ ਸਕਦਾ ਹੈ।

- ਮੇਰਾ ਦਾਤਾ ਅੰਤਰਯਾਮੀ ਹੈ ਉਹ ਬਿਨਾਂ ਮੰਗਿਆਂ ਆਪਣੇ ਦਾਸਾਂ ਨੂੰ ਸਮੇਂ ਸਮੇਂ ਸਿਰ ਸਭ ਕੁਝ ਦਿੰਦਾ ਰਹਿੰਦਾ ਹੈ। ਪਰ ਕਈ ਵਾਰ ਜਾਣ ਬੁਝਕੇ ਉਹ ਸੇਵਕ ਦੀ ਅਰਦਾਸ ਪੂਰੀ ਨਹੀਂ ਕਰਦਾ ਕਿਉਂਕਿ ਉਹ ਅਰਦਾਸ ਉਸ ਸੇਵਕ ਦੇ ਜਾਂ ਤਾਂ ਫਾਇਦੇ ਵਿਚ ਨਹੀਂ ਹੁੰਦੀ ਜਾਂ ਫਿਰ ਉਹ ਉਸ ਰਹਿਮਤ ਦੇ ਕਾਬਲ ਨਹੀਂ ਹੋਇਆ ਹੁੰਦਾ।

- ਸਾਰੇ ਧਰਮ ਸੱਚੇ ਹਨ, ਸਾਰੇ ਧਾਰਮਿਕ ਗ੍ਰੰਥ ਸੱਚੇ ਹਨ। ਪ੍ਰੰਤੂ ਅਸੀਂ ਖੁਦ ਸੱਚੇ ਨਹੀਂ ਹਾਂ ਕਿਉਂਕਿ ਅਸੀਂ ਆਪਣੀ ਆਪਣੀ ਸਚਾਈ ਪਿਛੇ ਲਗੇ ਹੋਏ ਹਾਂ।

- ਮੇਰਾ ਦਾਤਾ ਕਹਿੰਦਾ ਹੈ, "ਯਹਾਂ ਵੀਚਾਰ ਹੈ ਵਹਾਂ ਤਲਵਾਰ ਕੀ ਜ਼ਰੂਰਤ ਨਹੀਂ ਹੋਤੀ।"

- ਸੱਚ ਦਾ ਸਬੰਧ ਸਿਰਫ ਆਤਮਾ ਨਾਲ ਹੀ ਹੁੰਦਾ ਹੈ।

- ਸੰਤ ਮਹਾਤਮਾ ਜੀਵ ਨੂੰ ਜ਼ਿੰਦਗੀ ਜੀਉਣ ਦੀ ਜਾਚ ਦਸਣ ਆਉਂਦੇ ਹਨ।

- ਇਨਸਾਨ ਨੂੰ ਆਪਣੀ ਤਸਵੀਰ ਅਤੇ ਤਕਦੀਰ ਬਦਲਣ ਲਈ ਤਦਬੀਰ ਦੀ ਜ਼ਰੂਰਤ ਹੁੰਦੀ ਹੈ।

- ਮੇਰਾ ਦਾਤਾ ਆਖਦਾ ਹੈ, "ਜਦ ਤੁਸੀਂ ਸਮੇਂ ਦੀ ਪਹਿਚਾਣ ਕਰਕੇ ਨੇਕ ਸੰਗਤ ਅਪਨਾ ਲਵੋਗੇ ਤਾਂ ਮੈਂ ਤੁਹਾਡੀਆਂ ਕਬਰਾਂ (ਆਖਰੀ ਵਕਤ) ਨੂੰ ਐਸਾ ਸਵਾਰ ਦਿਆਂਗਾ ਜਿਸ ਨਾਲ ਤੁਸੀਂ ਜੁਗਾਂ ਜੁਗਾਂਤਰਾਂ ਤਕ ਚਮਕਦੇ ਰਹਿ ਸਕੋ।"
- ਤੁਸੀਂ ਆਪਣੀਆਂ ਲੋੜਾਂ ਖਾਤਰ ਇਕ ਦੂਸਰੇ ਨੂੰ ਪਿਆਰ ਕਰਦੇ ਹੋ ਪਰ ਸੰਤ ਆਪਣੇ ਫ਼ਰਜਾਂ ਮੁਤਾਬਕ ਸਭਨਾਂ ਨੂੰ ਪਿਆਰ ਵੰਡਦੇ ਹਨ।
- ਰੱਬ ਤੁਹਾਡਾ ਖੌਫ ਨਹੀਂ ਖੁਸ਼ੀ ਹੈ।
- ਤੁਸੀਂ ਰੱਬ ਕੋਲੋਂ ਕਦੇ ਨਾ ਡਰੋ, ਅਗਰ ਡਰਨਾ ਹੈ ਤਾਂ ਆਪਣੇ ਮਾੜੇ ਕਰਮ, ਮਾੜੇ ਵਿਚਾਰ, ਮਾੜੀ ਸੋਹਬਤ ਤੋਂ ਡਰੋ।
- ਤੁਸੀਂ ਪਾਠ ਪੂਜਾ ਕਰਦੇ ਹੋ, ਉਹ (ਰੱਬ) ਤੁਹਾਡੀ ਪੈਜ ਰਖਦਾ ਹੈ। ਤੁਸੀਂ ਕਾਰ ਕਰਦੇ ਹੋ ਉਹ ਕ੍ਰਿਪਾ ਕਰਦਾ ਹੈ। ਤੁਸੀਂ ਮਿਹਨਤ ਕਰਦੇ ਹੋ ਉਹ ਫਲ ਦੇ ਕੇ ਮਰਯਾਦਾ ਕਾਇਮ ਕਰਦਾ ਹੈ। ਤੁਸੀਂ ਦਾਨ ਕਰਦੇ ਹੋ ਉਹ ਦਇਆ ਕਰਦਾ ਹੈ।
- ਧਰਮ ਤੁਹਾਡੀ ਖੁਸ਼ੀ ਅਤੇ ਈਮਾਨ ਹੈ,
- ਖੁਦਾ ਤੁਹਾਡਾ ਹਬੀਬ ਹੈ, ਰਕੀਬ ਨਹੀਂ।
- ਸੰਤ ਰੱਬ ਦਾ ਘਰ ਲੁਟਕੇ ਤੁਹਾਡਾ ਘਰ ਭਰਦੇ ਹਨ, ਤੁਸੀਂ ਲੋਕਾਂ

ਦੇ ਘਰ ਲੁਟਕੇ ਆਪਣੇ ਘਰ ਭਰਦੇ ਹੋ।

- ਸੰਤ ਤੁਹਾਨੂੰ ਆਬਾਦ ਕਰਦੇ ਹਨ ਬਰਬਾਦ ਨਹੀਂ, ਬਰਬਾਦ ਤੁਸੀਂ ਆਪਣੀਆਂ ਮਾੜੀਆਂ ਸੋਚਾਂ ਅਤੇ ਰਾਹਾਂ ਕਾਰਨ ਹੁੰਦੇ ਹੋ।

- ਗੁਰੂ ਤੁਹਾਡਾ ਗੁਣ ਹੈ ਗੁਨਾਹ ਨਹੀਂ, ਗੁਨਾਹ ਤੁਸੀਂ ਆਪਣੀਆਂ ਬਾਹਰੀ ਭੁਖਾਂ ਅਤੇ ਵਹਿਸ਼ੀਪਨ ਰਾਹੀਂ ਕਰਦੇ ਹੋ।

- ਝੂਠ ਨਜ਼ਰ ਆਉਂਦਾ ਹੈ ਕਿਉਂਕਿ ਉਹਦੇ ਪਿਛੇ ਬਾਹਰੀ ਸ਼ੋਹਰਤ ਦਾ ਮਕਸਦ ਹੁੰਦਾ ਹੈ। ਪਰ ਸੱਚ ਨਜ਼ਰ ਨਹੀਂ ਆਉਂਦਾ ਕਿਉਂਕਿ ਇਹਦੇ ਪਿਛੇ ਹਮੇਸ਼ਾ ਰੱਬੀ ਰਾਜ਼ ਹੁੰਦਾ ਹੈ।

- ਜੋ ਸੇਵਕ ਆਪਣੇ ਮੁਰਸ਼ਦ ਦਾ ਆਪਣੇ ਅੰਦਰੋਂ ਭਉ ਗੁਆ ਦਿੰਦੇ ਹਨ ਉਹ ਇਕ ਕਿਸਮ ਨਾਲ ਆਪਣੀ ਮੌਤ ਦੀ ਆਪ ਤਿਆਰੀ ਕਰ ਰਹੇ ਹੁੰਦੇ ਹਨ।

- ਰੱਬ ਤੁਹਾਡਾ ਸਵਾਲ ਹੈ, ਹੱਲ ਨਹੀਂ।

- ਰੱਬ ਰਹਿਤ ਵਿਚ ਹੈ ਪਰ ਤੁਹਾਡੇ ਸਭ ਜੱਗੀ ਰਿਸ਼ਤੇ ਨਾਤੇ ਰਿਵਾਜ਼ਾਂ ਅਧੀਨ ਹਨ।

- ਰੱਬ ਤੁਹਾਡੇ ਅੰਦਰ ਵਸਦਾ ਹੈ ਪਰ ਰਹਿੰਦਾ ਨਹੀਂ। ਰਹਿੰਦਾ ਸਿਰਫ ਉਹ ਆਪਣੇ ਭਗਤਜਨਾਂ ਦੇ ਹਿਰਦਿਆਂ ਵਿਚ ਹੈ।

- ਰੱਬੀ ਉਪਦੇਸ਼ ਅਤੇ ਰੱਬੀ ਬਾਣੀ ਇਨਸਾਨ ਦੀ ਨਿੱਜੀ ਜ਼ਿੰਦਗੀ ਨੂੰ

ਪ੍ਰਕਾਸ਼ਮਾਨ ਕਰਦੀ ਹੈ ਨਾਂ ਕਿ ਰੱਬ ਨੂੰ।

- ਸੰਤਾਂ-ਮਹਾਂਪੁਰਖਾਂ ਦਾ ਗੁੱਸਾ ਵੀ ਰਹਿਮਤ ਦਾ ਇਕ ਐਸਾ ਅੰਗ ਹੈ ਜਿਹੜਾ ਇਨਸਾਨ ਨੂੰ ਤਾਰਨ ਦਾ ਸਿੱਧਾ ਤਰੀਕਾ ਹੈ। ਪਰ ਤੁਹਾਡਾ ਗੁੱਸਾ ਨਾ ਕਿਸੇ ਨੂੰ ਤਾਰਨ ਦਾ, ਨਾ ਸਵਾਰਨ ਦਾ ਬਲਕਿ ਆਪਣੇ ਆਪ ਨੂੰ ਬਰਬਾਦ ਕਰਨ ਦਾ ਸਭ ਤੋਂ ਖਤਰਨਾਕ ਜ਼ਰੀਆ ਹੈ।

- ਜਿਹੜਾ ਆਦਮੀ ਕੋਈ ਕੰਮ ਕਰਨ ਤੋਂ ਪਹਿਲਾਂ ਆਪਣਾ ਰੁਤਬਾ ਨਹੀਂ ਵੇਖਦਾ ਉਹ ਕਦੇ ਵੀ ਆਪਣੀ ਜ਼ਿੰਦਗੀ ਵਿਚ ਕਾਮਯਾਬ ਨਹੀਂ ਹੋ ਸਕਦਾ।

- ਮੇਰਾ ਦਾਤਾ ਆਖਦਾ ਹੈ, "ਜਦ ਤੁਸੀਂ ਮੇਰੇ ਅਗੇ ਆਪਣੇ ਗੁਨਾਹ ਖੋਲ੍ਹਕੇ ਰੱਖ ਦਿਉਗੇ ਤਾ ਮੈਂ ਤੁਹਾਡੀ ਜਨਮਾਂ ਜਨਮਾਂ ਦੀ ਮੈਲ ਧੋ ਕੇ ਰੱਖ ਦਿਆਂਗਾ।"

- ਮੇਰਾ ਦਾਤਾ ਆਖਦਾ ਹੈ, "ਮੈਂ ਤੁਹਾਡੀ ਬੁਨਿਆਦ ਬਣਨਾ ਚਾਹੁੰਦਾ ਹਾਂ ਤੁਸੀਂ ਬਿਲਡਿੰਗ ਬਣ ਜਾਉ ਤੁਹਾਡੀ ਇਹ ਬੁਨਿਆਦ ਧਰਮ ਦੀ ਹੋਵੇਗੀ। ਤੁਸੀਂ ਮੇਰੇ ਫੁੱਲ, ਪੱਤੇ, ਟਾਹਣੀਆਂ ਬਣ ਜਾਓ, ਮੈਂ ਬੂਟਾ ਤੁਹਾਡਾ ਜੜ੍ਹ ਵਾਲਾ ਹਾਂ।"

- 'ਦਾਸ ਧਰਮ' ਦੇ ਦਾਸੋ, ਮੈਨੂੰ ਜੋ ਰੱਬ ਘਰੋਂ ਮਿਲਿਆ ਹੈ ਮੈਂ ਤੁਹਾਡੇ ਵਿਚ ਵੰਡ ਦਿੱਤਾ ਹੈ, ਜੋ ਤੁਹਾਨੂੰ ਮਿਲਦਾ ਹੈ ਉਹਨੂੰ ਅਗੇ ਵੰਡਣ

ਦੀ ਕੋਸ਼ਿਸ਼ ਕਰੋ।

- ਅਸੀਂ ਜਿਸਨੂੰ ਆਪਣਾ ਬਣਾ ਲੈਂਦੇ ਹਾਂ ਉਹਨੂੰ ਛੱਡਦੇ ਨਹੀਂ ਪਰ ਤੁਸੀਂ ਆਪ ਟੁੱਟ ਜਾਂਦੇ ਹੋ।
- 'ਦਾਸ ਧਰਮ' ਤੁਹਾਨੂੰ ਆਪਸ ਵਿਚ ਜੋੜਨ ਵਾਸਤੇ ਹੈ, ਤੋੜਨ ਵਾਸਤੇ ਨਹੀਂ। ਅਗਰ ਕੋਈ ਵੀ ਹਕੂਮਤ, ਕੌਮ, ਜਾਂ ਜਮਾਤ ਗਲਤ ਰਾਹ ਅਪਨਾਏਗੀ ਤਾਂ 'ਦਾਸ ਧਰਮ' ਉਸਨੂੰ ਰੋਕਣ ਲਈ ਕੁਰਬਾਨੀਆਂ ਦੇਣ ਵਾਸਤੇ ਹਰ ਵਕਤ ਤਿਆਰ ਰਹੇਗਾ।
- ਜੇ ਸਾਡੇ ਕੋਲ ਆਉਂਦੇ ਹੋ ਤਾਂ ਸਾਡੇ ਕੋਲੋਂ ਉਹ ਚੀਜ਼ ਲੈ ਕੇ ਜਾਵੋ ਜਿਸ ਨਾਲ ਤੁਹਾਨੂੰ ਵਾਰ ਵਾਰ ਸਾਡੇ ਕੋਲ ਨਾ ਆਉਣਾ ਪਵੇ, ਬਲਕਿ ਅਸੀਂ ਖੁਦ ਤੁਹਾਡੇ ਕੋਲ ਵਾਰ-ਵਾਰ ਜਈਏ।
- ਤੁਸੀਂ ਲੋਕ ਚਾਬੀ ਵਾਲੇ ਖਿਡੌਣੇ ਵਾਂਗ ਹੋ। ਜਦੋਂ ਤੁਹਾਡੇ ਵਿਚ ਕਿਸੇ ਮਜ਼ਬ ਕੌਮ ਦੀ ਚਾਬੀ ਭਰ ਜਾਂਦੀ ਹੈ ਤਾਂ ਤੁਸੀਂ ਵੀ ਉਸ ਖਿਡੌਣੇ ਵਾਂਗ ਟੱਪਣ ਲਗ ਜਾਂਦੇ ਹੋ।
- ਸੱਚੀ ਅਤੇ ਸੁੱਚੀ ਬੁੱਧੀ ਖੁਦ ਖੁਦਾ ਦੇ ਸੁਨੇਹੇ ਸੁਣਕੇ ਅਗੇ ਪਹੁੰਚਦੀ ਹੈ ਲੋਕਾਂ ਤੱਕ।
- ਜਿਥੇ ਤੁਹਾਡਾ ਆਪਣਾ ਮਤਲਬ ਹੁੰਦਾ ਹੈ, ਉਥੇ ਤੁਸੀਂ ਝੂਠ ਨੂੰ ਸੱਚ ਅਤੇ ਜਿਥੇ ਨਹੀਂ ਹੁੰਦਾ ਉਥੇ ਤੁਸੀਂ ਸੱਚ ਨੂੰ ਵੀ ਝੂਠ ਸਮਝਕੇ

ਟਾਲਣ ਦੀ ਕੋਸ਼ਿਸ਼ ਕਰਦੇ ਹੋ।

- ਤੁਸੀਂ ਪੁੰਨ ਕਰਕੇ ਪ੍ਰਮਾਤਮਾ ਨੂੰ ਭੁੱਲ ਜਾਂਦੇ ਹੋ ਅਤੇ ਪਾਪ ਕਰਕੇ ਪ੍ਰਮਾਤਮਾ ਤੋਂ ਡਰਦੇ ਹੋ।

- ਪੂਰਨ ਮਹਾਂਪੁਰਖ ਧੁਰ ਧਾਮ ਤੋਂ ਹੀ ਬਣੇ ਬਣਾਏ ਆਉਂਦੇ ਹਨ ਧਰਤੀ ਤੇ ਆ ਕੇ ਨਹੀਂ ਬਣਦੇ।

- ਤੁਸੀਂ ਆਪਣੇ ਆਪ ਤੇ ਹੰਕਾਰ ਕਰਦੇ ਹੋ, ਪਰ ਸੰਤ ਤਾਂ ਰੱਬ 'ਤੇ ਮਾਣ ਕਰਦੇ ਹਨ।

- ਐਵੇਂ ਕਿਸੇ ਮਗਰ ਨਾ ਲਗੋ। ਜਦੋਂ ਤੁਹਾਡੀ ਜ਼ਮੀਰ ਮੰਨ ਜਾਵੇ, ਫਿਰ ਕਿਸੇ ਦੇ ਪਿਛੇ ਲਗੋ।

- ਜਿਹੜਾ ਤੁਹਾਡਾ ਭਲਾ ਅਤੇ ਤੁਹਾਡੇ ਨਾਲ ਪਿਆਰ ਕਰਦਾ ਹੈ ਉਸ ਨੂੰ ਸਜਦਾ ਕਰਨਾ ਗੁਨਾਹ ਨਹੀਂ, ਹੰਕਾਰ ਅਗੇ ਝੁਕਣਾ ਗੁਨਾਹ ਹੈ।

- ਜਦੋਂ ਵੀ ਤੁਹਾਨੂੰ ਆਪਣੇ ਕੰਮਾਂ ਤੋਂ ਫੁਰਸਤ ਮਿਲ ਜਾਵੇ ਤਾਂ ਸਿਰਫ ਉਸ ਨੂੰ ਸੱਚੇ ਦਿਲੋਂ ਯਾਦ ਕਰ ਲਉ ਅਤੇ ਕਹੋ ਕਿ "ਹੇ ਦਾਤਾ ਤੂੰ ਜਿਸ ਵੀ ਸ਼ਕਲ ਜਾਂ ਜਿਸ ਵੀ ਨਾਂ ਵਿਚ ਹੈਂ ਮੇਰਾ ਭਲਾ ਕਰ ਦੇ।"

- ਜਿਸ ਔਰਤ ਦੀ ਗੋਦ ਨੇ ਮੁਰਸ਼ਦ, ਮਹਿਰਮ, ਮੁਰੀਦ, ਮੁਕੰਮਲ

ਕੀਤੇ ਉਹ ਨਾਪਾਕ ਕਿਸ ਤਰ੍ਹਾਂ ਹੋ ਸਕਦੀ ਹੈ। ਉਨ੍ਹਾਂ ਲੋਕਾਂ ਦੇ ਕਰਮ ਨਾਪਾਕ ਹਨ ਜੋ ਔਰਤ ਨੂੰ ਅਪਵਿੱਤਰ ਸਮਝਦੇ ਹਨ।

- ਮੇਰਾ ਦਾਤਾ ਆਖਦਾ ਹੈ, "ਮੇਰੇ ਬੰਦਿਆਂ ਨਾਲ ਜਿਹੜਾ ਦੋਸਤੀ ਕਰੇਗਾ ਮੈਂ ਉਸ 'ਤੇ ਸਦਾ ਹੀ ਮਿਹਰਬਾਨ ਰਹਾਂਗਾ।"

- ਆਪਣੀ ਜ਼ੁਬਾਨ ਨਾਲ ਕਿਸੇ ਨੂੰ ਬੁਰਾ ਭਲਾ ਨਾ ਕਹੋ, ਨਾ ਸੁਣੋ ਅਤੇ ਸਦਾ ਮਿੱਠਾ ਬੋਲੋ। ਇਹ ਵੀ ਰੱਬ ਦੀ ਤਲਾਸ਼ ਹੈ।

- ਝੂਠ ਬੋਲ ਕੇ ਕਿਸੇ ਬੇਗੁਨਾਹ ਦੀ ਜ਼ਿੰਦਗੀ ਬਚਾ ਦੇਣੀ ਪੁੰਨ ਹੈ ਪਰ ਝੂਠ ਬੋਲ ਕੇ ਕਿਸੇ ਬੇਦੋਸ਼ੇ ਨੂੰ ਬਰਬਾਦ ਕਰ ਦੇਣਾ ਰੱਬ ਦੇ ਘਰ ਵਿਚ ਬਹੁਤ ਵੱਡਾ ਪਾਪ ਹੈ ਜੋ ਕਿ ਤੁਹਾਡੀਆਂ ਪੁਸ਼ਤਾਂ ਵੀ ਬਖਸ਼ਾ ਨਹੀਂ ਸਕਣਗੀਆਂ ਭਾਵੇਂ ਕਿੰਨੇ ਵੀ ਪਾਠ ਪੂਜਾ ਕਰੀ ਜਾਓ।

- ਅਸੀਂ ਆਪਣੀਆਂ ਰੂਹਾਂ ਲੱਭਣ ਆਏ ਹਾਂ ਅਤੇ ਉਨ੍ਹਾਂ ਨੂੰ ਆਪਣੇ ਨਾਮ ਨਾਲ ਜੋੜ ਕੇ ਸਦਾ ਲਈ ਅਮਰ ਕਰਕੇ ਅਤੇ ਬਾਕੀਆਂ ਨੂੰ ਰੱਬ ਦੇ ਘਰ ਦਾ ਰਸਤਾ ਦਿਖਾ ਕੇ ਚਲੇ ਜਾਣਾ ਹੈ।

- ਪਿਆਰ ਦੀਆਂ ਔਖੀਆਂ ਮੰਜ਼ਲਾਂ, ਲੰਬੇ ਪੈਂਡੇ, ਅਵੱਲੀਆਂ ਰਾਹਾਂ ਅਤੇ ਉਮਰਾਂ ਦੇ ਸਾਹ ਥੋੜੇ ਹਨ।

- ਤੁਸੀਂ ਰੱਬ ਨੂੰ ਅਤੇ ਉਹਦੇ ਦਿੱਤੇ ਹੋਏ ਕੰਮਾਂ ਨੂੰ ਭੁਲ ਗਏ ਹੋ ਪਰ ਆਪਣੇ ਆਪ ਨੂੰ ਨਹੀਂ ਭੁਲੇ, ਜਿਸ ਦਿਨ ਤੁਸੀਂ ਆਪਣਾ ਆਪ

ਭੁਲ ਗਏ ਤਾਂ ਉਸ ਦਿਨ ਰੱਬ ਦੇ ਸਾਰੇ ਕੰਮ ਤੁਹਾਨੂੰ ਯਾਦ ਆ ਜਾਣਗੇ।

- ਗੁਰਬਾਣੀ, ਕੁਰਾਨ-ਸ਼ਰੀਫ, ਬਾਈਬਲ, ਗੀਤਾ, ਰਮਾਇਣ, ਤੁਹਾਡੇ ਸਭ ਓਟ ਆਸਰੇ ਅਤੇ ਸਹਾਰੇ ਹਨ। ਜਿਸ ਦਿਨ ਅਮਲ ਕਰਨਾ ਸ਼ੁਰੂ ਕਰ ਦੇਵੋਗੇ ਉਸ ਦਿਨ ਤਲੀ ਤੇ ਸਿਰ ਧਰਨਾ ਪੈ ਜਾਵੇਗਾ ਜੋ ਕਿ ਤੁਹਾਡੇ ਵਸ ਦੀ ਗਲ ਨਹੀਂ।
- ਜਿਨ ਇਹ ਸਰੀਰ ਘੜਿਆ ਹੈ ਉਹ ਕਰਤਾ ਹੈ, ਜਿਸ ਢਾਇਆ ਹੈ ਉਹ ਤੁਸੀਂ ਆਪ ਹੋ।
- ਜੇ ਤੁਸੀਂ ਦਾਤੇ ਦੀ ਦਿੱਤੀ ਹੋਈ ਵਡਿਆਈ ਨਹੀਂ ਸੰਭਾਲ ਸਕੇ ਤਾਂ ਉਸਦੀ ਦਿੱਤੀ ਹੋਈ ਮਾਇਆ ਵੀ ਨਹੀਂ ਸੰਭਾਲ ਸਕੋਗੇ। ਜੇ ਮਿਲ ਵੀ ਗਈ ਤਾਂ ਐਬਾਂ ਵਿਚ ਫਸ ਜਾਵੋਗੇ।
- ਮੌਕੇ ਸੁਨਹਿਰੀ ਉਹੋ ਹੀ ਦਿੰਦਾ ਹੈ, ਪਰ ਪਹਿਚਾਣ, ਤੁਹਾਨੂੰ ਹੋਣੀ ਚਾਹੀਦੀ ਹੈ।
- ਪੂਰਨ ਸੰਤ ਤੁਹਾਡੇ ਕੋਲੋਂ ਆਪਣੀ ਪੂਜਾ ਕਰਵਾਉਣ ਲਈ ਨਹੀਂ ਆਉਂਦੇ ਉਹ ਤਾਂ ਤੁਹਾਨੂੰ ਪੂਜਾ ਦਾ ਹੱਕ ਦਵਾਉਣ ਆਉਂਦੇ ਹਨ।
- ਨਾ ਭਗਤੀ ਕਰੋ, ਨਾ ਪੂਜਾ ਕਰੋ, ਨਾ ਪਾਠ ਕਰੋ, ਨਾ ਦਾਨ ਕਰੋ, ਅਗਰ ਕੁਛ ਕਰਨਾ ਹੈ ਤਾਂ ਆਪ ਨੇਕ ਕਰਮਾਂ ਰਾਹੀਂ

ਨੇਕ ਬਣ ਜਾਓ। ਉਹ ਪ੍ਰਵਾਨ ਕਰ ਲਵੇਗਾ।

- ਤੁਸੀਂ ਜੇ 'ਦਾਸ ਧਰਮ' ਵਿਚ ਆਉਣਾ ਚਾਹੁੰਦੇ ਹੋ ਤਾਂ ਆਪਣੇ ਆਤਮਿਕ ਦੀਵੇ ਜਗਵਾਉਣ ਲਈ ਆਉ, ਜਿਸ ਨਾਲ ਆਪ ਰੌਸ਼ਨ ਹੋ ਕੇ ਦੂਜਿਆਂ ਨੂੰ ਰੌਸ਼ਨੀ ਦੇ ਸਕੋ।
- ਰੱਬ ਦੁਨੀਆਂ 'ਤੇ ਆਪਣਾ ਕਾਨੂੰਨ ਨਹੀਂ ਚਲਾਉਂਦਾ ਉਹ ਸਿਰਫ਼ ਤੁਹਾਨੂੰ ਆਪਣੇ ਅਧਿਕਾਰ ਦਿੰਦਾ ਹੈ। ਤੁਸੀਂ ਜੇ ਉਨ੍ਹਾਂ ਅਧਿਕਾਰਾਂ ਨੂੰ ਨਹੀਂ ਵਰਤਦੇ ਤਾਂ ਇਹ ਤੁਹਾਡੀ ਬੇਸਮਝੀ ਹੈ ਉਹਦਾ ਕਸੂਰ ਨਹੀਂ।
- 'ਆਪ ਕਮਾਓ ਜੱਗ ਵਰਤਾਓ', ਇਹ ਰਾਹ ਇਨਸਾਨੀਅਤ ਦੀ ਹੈ। ਅਤੇ 'ਆਪ ਖਾਓ ਬਾਕੀ ਬਚੇ ਤਾਂ ਦੂਜੇ ਨੂੰ ਵਰਤਾਓ' ਇਹ ਰਾਹ ਹੈਵਾਨੀਅਤ ਦੀ ਹੈ।
- ਸਭ ਬਾਹਰੀ ਪਖੰਡਾਂ ਨੂੰ ਛਡਕੇ ਇਕੋ ਨਾਮ ਹਿਰਦੇ 'ਚ ਧਾਰਨ ਕਰ ਲਵੋ ਉਹ ਹੈ ਰੱਬ ਦਾ ਨਾਂ।
- ਰੱਬ ਕੋਈ ਕੌਮ ਨਹੀਂ, ਕੌਮ ਕੋਈ ਰੱਬ ਨਹੀਂ।
- ਸੱਚ ਦਾ ਕੋਈ ਸਵਾਲ ਨਹੀਂ। ਝੂਠ ਦਾ ਕੋਈ ਜਵਾਬ ਨਹੀਂ।
- ਮੇਰਾ ਦਾਤਾ ਆਖਦਾ ਹੈ, "ਤੁਸੀਂ ਆਪਣੀਆਂ ਮਾੜੀਆਂ ਰਾਹਾਂ ਤੋਂ ਬਾਜ ਆ ਜਾਓ ਨਹੀਂ ਤਾਂ ਬੁਝ ਜਾਵੋਗੇ। ਤੁਸੀਂ ਜੇ ਮੇਰੇ ਦੀਵੇ ਹੋ

ਤਾਂ ਮੈਂ ਤੁਹਾਡਾ ਦਾਤਾ ਹਾਂ। ਮੈਨੂੰ ਯਾਦ ਰਖੋਗੇ ਤਾਂ ਜਗ ਜਾਉਗੇ ਅਤੇ ਉਹ ਲੋਅ ਦੁਨੀਆਂ ਵਾਸਤੇ ਹੋਵੇਗੀ, ਤੁਹਾਨੂੰ ਲੋਅ ਮੈਂ ਦੇਵਾਂਗਾ।"

- ਮੇਰਾ ਦਾਤਾ ਆਖਦਾ ਹੈ, "ਮੈਂ ਤੁਹਾਡੇ ਕੋਲੋਂ ਆਪਣੀ ਇਜ਼ਤ ਮਾਣ, ਪੂਜਾ,ਪਾਠ, ਪੈਸਾ, ਅਤੇ ਨਾ ਹੀ ਭਗਤੀ ਚਾਹੁੰਦਾ ਹਾਂ। ਮੈਂ ਸਿਰਫ ਸੱਚਾ ਪਿਆਰ ਚਾਹੁੰਦਾ ਹਾਂ ਜਿਹੜਾ ਕਿ ਮੇਰੀ ਵਫ਼ਾਦਾਰੀ ਦਾ ਹੋਵੇ।"

- ਮੇਰਾ ਰੱਬ ਆਖਦਾ ਹੈ, "ਤੁਹਾਡੇ ਮੇਰੇ ਤੇ ਬਹੁਤ ਅਧਿਕਾਰ ਹਨ ਪਰ ਮੇਰਾ ਤੁਹਾਡੇ ਤੇ ਸਿਰਫ਼ ਇਕੋ ਹੀ ਹੈ, ਜੋ ਕਿ ਮੇਰੀ ਸੱਚੀ ਯਾਦ, ਭਗਤੀ ਅਤੇ ਪਿਆਰ ਵਾਲੀ ਪੂਜਾ ਦਾ ਹੈ।"

- ਮੇਰਾ ਦਾਤਾ ਆਖਦਾ ਹੈ, "ਤੁਹਾਡਾ ਮੇਰਾ ਕੋਈ ਰਿਸ਼ਤਾ ਨਹੀਂ ਪਰ ਮੈਂ ਯਕੀਨਨ ਉਸ ਰਿਸ਼ਤੇ ਨੂੰ ਮੰਨ ਲਵਾਂਗਾ ਜਿਹੜਾ ਤੁਸੀਂ ਚਾਹੋਗੇ ਪਰ ਉਸ ਵਿਚ ਤੁਹਾਨੂੰ ਕੁਰਬਾਨੀਆਂ ਦੇਣੀਆਂ ਪੈਣਗੀਆਂ।"

- ਝੂਠੀ ਪ੍ਰੀਤ ਵਿਚ ਚੰਦ ਘੜੀਆਂ ਦੇ ਸੁਖ ਅਤੇ ਚੰਦ ਘੜੀਆਂ ਦੇ ਨਜ਼ਾਰੇ ਹਨ ਪਰ ਸੱਚੀ ਪ੍ਰੀਤ ਵਿਚ ਦੁਖ ਅਤੇ ਮੁਸੀਬਤਾਂ ਹਨ ਪਰ ਉਹ ਉਨ੍ਹਾਂ ਨਾਲ ਸੰਬੰਧ ਰਖਦੀ ਹੋਈ ਵੀ ਅਜ਼ਰ ਤੇ ਅਮਰ ਹੈ ਜੋ ਕਿ ਮਰਨ ਤੋਂ ਬਾਅਦ ਪੂਜੀ ਜਾਂਦੀ ਹੈ।

- ਰੱਬ ਦੀ ਸ਼ਰਨ ਇੰਨੀ ਪਵਿਤਰ ਹੈ ਕਿ ਤੁਸੀਂ ਜੇਕਰ ਇਕ ਵਾਰ ਵੀ ਉਸ ਨੂੰ ਛੂਹ ਲਿਆ ਤਾਂ ਤੁਸੀਂ ਆਪ ਵੀ ਪਵਿਤਰ ਹੋ ਜਾਵੋਗੇ।
- ਮੇਰਾ ਰੱਬ ਕਹਿੰਦਾ ਹੈ, "ਮੈਨੂੰ ਵਿਸਾਰ ਕੇ ਤੁਸੀਂ ਕਿਤੇ ਵੀ ਵਸ ਨਹੀਂ ਸਕੋਗੇ। ਜੇ ਮੈਨੂੰ ਯਾਦ ਰਖੋਗੇ ਤਾਂ ਹਰ ਥਾਂ ਤੁਹਾਡਾ ਵਸੇਰਾ ਹੋਵੇਗਾ।"
- ਮੇਰਾ ਦਾਤਾ ਕਹਿੰਦਾ ਹੈ, "ਹੇ ਜੀਵ ! ਜਦੋਂ ਤੂੰ ਦੁਨੀਆਂ ਤੋਂ ਅੱਕ ਜਾਵੇਂਗਾ ਤੇ ਸਰੀਰ ਤੋਂ ਥੱਕ ਜਾਵੇਂਗਾ ਤਾਂ ਫਿਰ ਮੈਂ ਤੈਨੂੰ ਆਪਣੀਆਂ ਬਾਹਾਂ ਦਾ ਸਹਾਰਾ ਦੇਵਾਂਗਾ।"
- ਮੇਰਾ ਦਾਤਾ ਦੀਦ ਦਾ ਮਾਲਕ ਹੈ, ਦੁਸ਼ਮਣੀ ਦਾ ਨਹੀਂ।
- ਉਹ ਦਇਆਵਾਨ ਅਤੇ ਦਿਆਲੂ ਹੈ, ਦੁਸ਼ਟ ਅਤੇ ਦੈਂਤ ਨਹੀਂ।"
- ਮੇਰਾ ਦਾਤਾ ਆਖਦਾ ਹੈ, "ਐ ਬੰਦੇ ਮੈਂ ਤੈਨੂ ਪੰਜ ਤੱਤ (ਹਵਾ, ਮਿੱਟੀ, ਅੱਗ, ਪਾਣੀ, ਅਕਾਸ਼) ਦਿੱਤੇ ਹਨ, ਜੋ ਕਿ ਮੇਰੇ ਮੌਲਿਕ ਅਧਿਕਾਰ ਹਨ। ਇਨ੍ਹਾਂ ਵਿਚੋਂ ਅਗਰ ਮੈਂ ਇਕ ਵੀ ਤੇਰੇ ਕੋਲੋਂ ਲੈ ਲਵਾਂ ਤਾਂ ਤੇਰੀ ਕੋਈ ਕੀਮਤ ਨਹੀਂ ਰਹੇਗੀ। ਸੋ ਤੂੰ ਇਸਦਾ ਅਹਿਸਾਸ ਕਰ।"
- ਅਗਰ ਤੁਸੀਂ ਸੱਚ ਬੋਲਣਾ ਨਹੀਂ ਚਾਹੁੰਦੇ ਜਾਂ ਬੋਲ ਨਹੀਂ ਸਕਦੇ ਤਾਂ ਸਿਰਫ਼ ਆਪਣੇ ਅੰਦਰ ਸੱਚ ਸੁਣਨ ਦੀ ਹਿੰਮਤ ਲੈ ਆਵੋ। ਰੱਬ ਤੁਹਾਡਾ ਮਦਦਗਾਰ ਹੋਵੇਗਾ।

- ਜਿਹੜੇ ਦੁਖ ਪ੍ਰਮਾਤਮਾ ਆਪ ਦਿੰਦਾ ਹੈ ਉਹ ਉਨ੍ਹਾਂ ਨੂੰ ਕੱਟਦਾ ਵੀ ਆਪ ਹੈ। ਪਰ ਜਿਹੜੇ ਦੁਖ ਜੀਵ ਆਪਣੀਆਂ ਬਾਹਰੀ ਗਰਜਾਂ ਜਾਂ ਗਲਤ ਰਾਹਾਂ ਕਰ ਕੇ ਪੈਦਾ ਕਰਦਾ ਹੈ ਉਹ ਉਸ ਨੂੰ ਖੁਦ ਭੁਗਤਣੇ ਪੈਂਦੇ ਹਨ।
- ਇਸ ਸਰੀਰ ਨੂੰ ਸਵਾਰਨ ਲਈ ਭਗਤੀ ਦੀ ਨਹੀਂ ਬਲਕਿ ਨੇਕ ਸੰਗੀ ਦੀ ਜ਼ਰੂਰਤ ਹੈ।
- ਦੁਨੀਆਂ 'ਚ ਰਹਿੰਦੇ ਹੋਏ ਦੁਨਿਆਵੀ ਜ਼ਿੰਮੇਵਾਰੀਆਂ ਨੂੰ ਨਿਭਾਉਣਾ ਸਾਡਾ ਫ਼ਰਜ਼ ਹੈ ਧਰਮ ਨਹੀਂ, ਧਰਮ ਸਾਡਾ ਹੈ ਕਿਸੇ ਨਿਰਧਨ ਦੀ ਮਦਦ ਕਰਨਾ ਅਤੇ ਦੂਸਰੇ ਵਾਸਤੇ ਜੀਉਣਾ।
- ਜਿਸ ਜੀਵ ਦੇ ਹਿਰਦੇ ਅੰਦਰ ਨਾਮ ਚਲਦਾ ਹੈ ਉਸ ਵਿਚੋਂ ਕਰੋਧ, ਨਿੰਦਿਆ, ਚੁਗਲੀ ਖਤਮ ਹੋ ਜਾਂਦੀ ਹੈ!
- ਇਕ ਉਂਗਲੀ ਕਿਸੇ ਵਲ ਨੂੰ ਕਰ ਕੇ ਜੇਕਰ ਤੁਸੀਂ ਉਸ ਨੂੰ ਬੁਰਾ ਕਹਿੰਦੇ ਹੋ ਤਾਂ ਤਿੰਨ ਉਂਗਲਾਂ ਤੁਹਾਡੇ ਵਲ ਨੂੰ ਆਉਂਦੀਆਂ ਹਨ, ਭਾਵ ਕਿ ਤੁਸੀਂ ਉਸ ਨਾਲੋਂ ਤਿੰਨ ਗੁਣਾਂ ਬੁਰੇ ਹੋ।
- ਤੁਸੀਂ ਕਿਸੇ ਦੇ ਸਹਾਰੇ ਬਣੋ, ਆਪ ਸਹਾਰੇ ਨਾ ਲਭੋ। ਤੁਹਾਨੂੰ ਸਹਾਰਾ ਰੱਬ ਦੇਵੇਗਾ।
- ਰੱਬ ਦੇ ਬੰਦੇ ਬਦਲੇ ਦੀ ਭਾਵਨਾ ਨਹੀਂ ਰੱਖਦੇ, ਉਹ ਤਾਂ ਬੰਦਗੀ ਕਰਵਾਉਂਦੇ ਹਨ।

- ‘ਦਾਸ ਧਰਮ’ ’ਚ ਆਉਣ ਵਾਲੇ ਦਾਸੋ ਆਪਣੇ ਆਪ ਤੇ ਭਰੋਸਾ ਅਤੇ ਯਕੀਨ ਲੈ ਆਉ ਜ਼ਿੰਦਗੀ ’ਚ ਸਫ਼ਲ ਹੋ ਜਾਓਗੇ। ਆਤਮ ਵਿਸ਼ਵਾਸ ਹੀ ਤਰੱਕੀ ਦਾ ਕਾਰਨ ਹੈ।
- ਰੱਬ ਦੇ ਆਪਣੇ ਅਤੇ ਇਨਸਾਨ ਵਿਚ ਇਕ ਐਸਾ ਪਰਦਾ ਰਖਿਆ ਹੈ ਜਿਸ ਨੂੰ ‘ਲੇਖਾ’ ਕਹਿੰਦੇ ਹਨ। ਨਹੀਂ ਤਾਂ ਜੇ ਕਿਤੇ ਮਾਂ ਨੂੰ ਬਚਪਨ ਵਿਚ ਪਤਾ ਲਗ ਜਾਵੇ ਕਿ ਮੇਰੇ ਪੁੱਤ ਨੇ ਵੱਡਾ ਹੋ ਕੇ ਨਲਾਇਕ ਨਿਕਲ ਜਾਣਾ ਹੈ ਤਾਂ ਉਹ ਉਸ ਨੂੰ ਕਦੇ ਨਾ ਪਾਲੇ।
- ਤੁਸੀਂ ਹਰ ਚੀਜ਼ ਵਕਤ ਤੋਂ ਪਹਿਲਾਂ ਚਾਹੁੰਦੇ ਹੋ, ਪਰ ਜਦੋ ਲੈ ਲੈਂਦੇ ਹੋ ਤਾਂ ਫਿਰ ਤੁਹਾਡੇ ਕੋਲੋਂ ਸੰਭਾਲੀਆਂ ਨਹੀਂ ਜਾਂਦੀਆਂ ਫਿਰ ਉਸ ਨੂੰ ਸੰਭਾਲਣ ਲਈ ਭੱਜ ਦੌੜ ਕਰਦੇ ਹੋ।
- ਨਾਮ ਲੈ ਕੇ ਅਗਰ ਸੋਚੋ ਕਿ ਮਾੜੇ ਕਰਮ ਕਰਦੇ ਜਾਈਏ ਤਾਂ ਗੁਰੂ ਨੂੰ ਧੱਕਾ ਲਗੇਗਾ, ਇਹ ਤੁਹਾਡੀ ਭੁਲ ਹੈ। ਜੇ ਰੱਬ ਦੀ ਦਿੱਤੀ ਹੋਈ ਵਡਿਆਈ ਨੂੰ ਤੁਸੀਂ ਸੰਭਾਲ ਨਹੀਂ ਸਕੇ ਤਾਂ ਹੋਰ ਤੁਸੀਂ ਕੀ ਸੰਭਾਲਣਾ ਹੈ ?
- ਲਹੂ ਦੇ ਰਿਸ਼ਤੇ ਸਭ ਦਿਖਾਵਾ ਹਨ ਪਰ ਪਿਆਰ ਦੇ ਰਿਸ਼ਤੇ ਤੁਹਾਡਾ ਪਰਛਾਵਾਂ ਹਨ। ਉਸਦੀ ਕੋਈ ਕੀਮਤ ਨਹੀਂ ਤੁਹਾਨੂੰ ਆਪਣੇ ਆਪ ’ਤੇ ਭਰੋਸਾ ਹੋਣਾ ਚਾਹੀਦਾ ਹੈ।
- ਜੋ ਤੁਸੀਂ ਜੱਗੀ ਤਲਾਸ਼ਾਂ ਕਰਦੇ ਹੋ ਉਹ ਤਲਾਸ਼ ਤੁਹਾਡੀ ਨਹੀਂ

ਬਲਕਿ ਤੁਹਾਡੇ ਦੁਸ਼ਟ ਵਿਚਾਰਾਂ ਦੀ ਹੈ।

- ਰੱਬ ਜਾਂ ਉਹਦੇ ਭੇਜੇ ਹੋਏ ਰਹਿਬਰਾਂ ਅਗੇ ਤੁਹਾਡੀ ਆਕੜ ਜਾਂ ਜਿਦ ਨਹੀਂ ਚਲਣੀ। ਉਹਨਾਂ ਪਾਸੋਂ ਕੁਝ ਲੈਣ ਲਈ ਉਹਨਾਂ ਨੂੰ ਬੱਚੇ ਵਾਂਗ ਮਨਾਂ ਲਵੋ ਬਰਾਬਰੀ ਨਾ ਕਰੋ। ਰਾਵਣ, ਕੰਸ ਵਰਗੇ ਬਰਾਬਰੀ ਨਾ ਕਰ ਸਕੇ, ਤੁਸਾਂ ਕੀ ਕਰਨੀ ਹੈ।

- ਜਿੰਨੇ ਤੁਹਾਨੂੰ ਆਪਣੇ ਸੁਖ ਪਿਆਰੇ ਹਨ ਉਨੇ ਹੀ ਪ੍ਰਮਾਤਮਾ ਨੂੰ ਆਪਣੇ ਸਿਖ ਭਾਵ ਭਗਤ ਪਿਆਰੇ ਹਨ।

- ਜਿਥੇ ਤੁਹਾਡੀ ਤਾਂਘ ਪੂਰੀ ਹੁੰਦੀ ਹੈ ਉਥੇ ਤੁਹਾਡੇ ਸਦਾ ਹੀ ਤਿਉਹਾਰ ਹਨ ਪਰ ਜਿਥੇ ਤਾਂਘ ਪੂਰੀ ਨਹੀਂ ਉਥੇ ਕੁਝ ਵੀ ਨਹੀਂ।

- ਜੇ ਤੁਹਾਡੇ ਗੁਨਾਹਾਂ ਤੇ ਖ਼ੁਦਾ ਨੇ ਪਰਦਾ ਪਾ ਹੀ ਦਿੱਤਾ ਹੈ ਤਾਂ ਇਹ ਨਾ ਸਮਝੋ ਕਿ ਉਹ ਤੁਹਾਡੇ ਮਾੜੇ ਕਰਮਾਂ ਤੋਂ ਬੇਖਬਰ ਹੈ ਜਾਂ ਭੁਲ ਗਿਆ ਹੈ।

- ਵਡੇ ਵਡੇ ਗੁਨਾਹ ਬਖਸ਼ੇ ਜਾ ਸਕਦੇ ਹਨ ਪਰ ਗੁਰੂ ਦੇ ਨਾਂ 'ਤੇ ਜਾਂ ਆਪਣੀ ਆਤਮਾ ਨਾਲ ਕੀਤਾ ਵਿਸ਼ਵਾਸਘਾਤ ਕਦੀ ਨਹੀਂ ਬਖਸ਼ਿਆ ਜਾ ਸਕਦਾ ਹੈ।

- ਮਦਦ ਹਮੇਸ਼ਾਂ ਉਸਦੀ ਕਰੋ ਜਿਸ ਨੂੰ ਤੁਸੀਂ ਜਾਣਦੇ ਨਹੀਂ।

ਅਗਰ ਜਿਸ ਨੂੰ ਤੁਸੀਂ ਜਾਣਦੇ ਹੋ ਉਸਦੀ ਮਦਦ ਕਰਦੇ ਹੋ ਤਾਂ ਉਹ ਮਦਦ ਨਹੀਂ ਅਹਿਸਾਨ ਹੋਵੇਗਾ।

- ਉਹ ਗੁਰੂ ਨਹੀਂ ਜਿਸ ਨਾਲ ਲੱਗ ਕੇ ਸੇਵਕ ਕੰਚਨ ਨਾ ਬਣੇ ਅਤੇ ਉਹ ਸੇਵਕ ਨਹੀਂ ਜਿਹੜਾ ਗੁਰੂ ਨਾਲ ਲੱਗ ਕੇ ਫਿਰ ਮਾੜੇ ਕਰਮਾਂ ਤੋਂ ਨਾ ਮੁੜੇ ਅਤੇ ਸੋਨਾ ਨਾ ਬਣੇ।

- ਤੁਸੀਂ ਦਾਨੀ ਨਹੀਂ ਦਰਿੰਦੇ ਬਣਦੇ ਜਾ ਰਹੇ ਹੋ। ਤੁਹਾਡੀ ਦੀਦ ਕਿਸੇ ਕੀ ਕਰਨੀ ਹੈ?

- ਸੱਚੀ ਮੁਹੱਬਤ ਨੂੰ ਜੋ ਨਿਖਾਰ ਕੰਡਿਆਂ ਦੀ ਸੇਜ 'ਤੇ ਆਉਂਦਾ ਹੈ ਉਹ ਫੁੱਲਾਂ ਦੀ ਸੇਜ 'ਤੇ ਨਹੀਂ। ਇਹ ਰੱਬ ਦੀ ਸੋਭਾ ਹੈ ਜਾਂ ਪਾਤਸ਼ਾਹਾਂ ਦੇ ਸਿਰ ਦਾ ਤਾਜ।

- ਜਿਸ ਬੰਦੇ 'ਤੇ ਕਿਸੇ ਪੂਰਨ ਪੁਰਖ ਦਾ ਹੱਥ ਹੋ ਜਾਵੇ ਉਸ ਦੇ ਰਸਤੇ 'ਚ ਆਉਣ ਵਾਲੇ ਕੰਡੇ ਵੀ ਫੁੱਲ ਬਣ ਜਾਂਦੇ ਹਨ।

- ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਰੋਗਾਂ ਦੇ ਉਪਰ ਵੀ ਇਕ ਰੋਗ ਹੈ ਜਿਸ ਨੂੰ ਵੈਰਾਗ ਕਹਿੰਦੇ ਹਨ ਉਹ ਰੋਗ ਪ੍ਰਮਾਤਮਾ ਦਾ ਹੈ ਅਤੇ ਉਹਦੇ ਘਰ ਕਬੂਲ ਹੁੰਦਾ ਹੈ ਪਰ ਜੇ ਜਾਗ ਪਵੇ ਤਾਂ।

- ਪ੍ਰਮਾਤਮਾ ਦੇ ਘਰ 'ਚ ਤੁਹਾਡੀ ਚਤੁਰਾਈ ਨਹੀਂ, ਬਲਕਿ ਨੇਕ ਕਰਮ ਅਤੇ ਸੱਚਾਈ ਚਲਣੀ ਹੈ।

- ਰੱਬ ਦੀ ਸੱਚੀ ਯਾਦ ਉਹਦੀ ਭਗਤੀ ਹੈ ਅਤੇ ਉਸ ਅਗੇ ਕੀਤੀ ਅਰਦਾਸ ਉਹਦੀ ਸ਼ਕਤੀ ਹੈ।
- ਸੱਚ ਦੀ ਮੌਤੇ ਮਰਨਾ ਦੁਨੀਆਂ ਤੇ ਸੋਭਾ ਹੈ ਪਰ ਝੂਠ ਦੀ ਮੌਤੇ ਮਰਨਾ ਇਕ ਕੋਹੜ ਹੈ ਜੋ ਕਿ ਜੀਵ ਆਪਣੇ ਆਪ, ਆਪਣੀ ਔਲਾਦ ਅਤੇ ਪਰਿਵਾਰ 'ਤੇ ਪਾ ਲੈਂਦਾ ਹੈ।
- ਅਸੀਂ ਤੁਹਾਡੇ ਕੋਲੋਂ ਸਾਥ ਨਹੀਂ ਮੰਗਦੇ ਬਲਕਿ ਸਾਥ ਦੇਣਾ ਚਾਹੁੰਦਾ ਹਾਂ। ਜਦੋਂ ਤੁਹਾਡਾ ਕੋਈ ਨਹੀਂ ਹੋਵੇਗਾ ਉਦੋਂ ਵੀ ਅਸੀਂ ਤੁਹਾਨੂੰ ਸਹਾਰਾ ਦੇਵਾਂਗੇ।
- ਪ੍ਰੀਤਮ ਤੋਂ ਵਿਛੜਨ ਦਾ ਦੁਖ, ਕੋਈ ਵੀ ਦੁਨਿਆਵੀ ਚੀਜ਼ ਛਡਣ ਤੋਂ ਜ਼ਿਆਦਾ ਹੁੰਦਾ ਹੈ।
- ਜੇ ਤੁਸੀਂ ਸਿਦਕ, ਸੰਤੋਖ, ਪ੍ਰਮਾਤਮਾ ਦੀ ਰਜ਼ਾ ਅਤੇ ਭਾਣਾ ਆਪਣੇ ਨਾਲ ਜੋੜ ਲਵੋਗੇ ਤਾਂ ਚੰਗੇ ਮੰਦੇ ਕਰਮਾਂ ਦੀ ਖੋਜ ਕਰਨੀ ਖਤਮ ਹੋ ਜਾਵੇਗੀ।
- ਮੇਰਾ ਦਾਤਾ ਆਖਦਾ ਹੈ, "ਜੇ ਤੁਸੀਂ ਜਨਮ ਸਵਾਰ ਲਵੋਗੇ ਤਾਂ ਉਹ ਜੱਗ ਹੈ। ਜੇ ਮਰਨ ਸਵਾਰ ਲਵੋਗੇ ਤਾਂ ਉਹ ਰੱਬ ਹੈ।"
- ਜਿਸ ਤਰ੍ਹਾਂ ਜੇਲ੍ਹ ਵਿਚ ਬੈਠਾ ਮੁਜ਼ਰਮ, ਹਸਪਤਾਲ ਵਿਚ ਪਿਆ ਮਰੀਜ਼ ਦੇਖਦਾ ਰਹਿੰਦਾ ਹੈ ਕਿ ਮੈਂ ਕਦੋਂ ਬਾਹਰ ਜਾਵਾਂ, ਇਸੇ ਤਰ੍ਹਾਂ ਸਾਡੀ ਆਤਮਾ ਵੀ ਆਪਣੇ ਅਸਲ ਘਰ ਸਚਖੰਡ ਜਾਣ

ਵਾਸਤੇ ਲੋਚਦੀ ਰਹਿੰਦੀ ਹੈ।

- ਜਿਸ ਤਰ੍ਹਾਂ ਡਾਕਟਰੀ ਦੀਆਂ ਕਿਤਾਬਾਂ ਵਿਚ ਦਵਾਈ ਨਹੀਂ ਬਲਕਿ ਉਸਦਾ ਨਾਂ ਹੁੰਦਾ ਹੈ। ਇਸੇ ਤਰ੍ਹਾਂ ਸਭ ਧਾਰਮਿਕ ਗ੍ਰੰਥਾਂ ਵਿਚ ਰੱਬ ਨਹੀਂ, ਬਲਕਿ ਰੱਬ ਦੀ ਉਸਤਤ ਅਤੇ ਉਸ ਨੂੰ ਮਿਲਣ ਦਾ ਰਸਤਾ ਹੈ।

- ਕਈ ਪੈਸੇ ਵਾਲੇ ਧੰਨੀ ਜਾਂ ਜਿਆਦਾ ਪੜ੍ਹੇ ਲਿਖੇ ਹੰਕਾਰੀ ਲੋਕ ਕਹਿੰਦੇ ਹਨ ਕਿ ਰੱਬ ਹੈ ਹੀ ਨਹੀਂ। ਅਸੀਂ ਕਹਿੰਦੇ ਹਾਂ ਕਿ ਰੱਬ ਤਾਂ ਹੈ ਪਰ ਉਹ ਅਜੇ ਰੱਬ ਜੋਗੇ ਨਹੀਂ ਹੋਏ। ਉਨ੍ਹਾਂ ਨੂੰ ਤਾਂ ਅਸਲ 'ਚ ਆਪਣੀ ਜ਼ਿੰਦਗੀ ਦੀ ਹੀ ਸੋਝੀ ਨਹੀਂ ਰੱਬ ਤਾਂ ਇਕ ਪਾਸੇ ਰਿਹਾ।

- ਜਿੰਨੇ ਤੁਸੀਂ ਪੁੰਨ ਦਾਨ, ਪਾਠ, ਪੂਜਾ ਕਰਦੇ ਹੋ ਉਨ੍ਹਾਂ ਨਾਲ ਤਾਂ ਤੁਹਾਡੇ ਕੀਤੇ ਹੋਏ ਪਾਪ ਹੀ ਨਹੀਂ ਧੁਲਦੇ ਰੱਬ ਨੂੰ ਪਾਉਣਾ ਤਾਂ ਇਕ ਪਾਸੇ ਰਿਹਾ।

- ਉਹ ਕ੍ਰਿਪਾ ਕਰਦਾ ਹੈ ਤਾਂ ਪ੍ਰੀਤ ਜਾਗਦੀ ਹੈ।

- ਇਨਸਾਨ ਵਿਚ ਤੁਖਮ ਪਿਉ ਦਾ, ਤਸੀਰ ਮਾਂ ਦੀ ਅਤੇ ਸੋਹਬਤ ਸੰਗਤ ਦੀ ਹੁੰਦੀ ਹੈ।

- ਦਿਲ ਦੇ ਰਿਸ਼ਤੇ ਜਜ਼ਬਾਤੀ ਹਨ ਅਤੇ ਦਿਮਾਗ ਦੇ ਰਿਸ਼ਤੇ ਸਬਰ, ਸਿਦਕ, ਸੰਤੋਖ ਤੇ ਪਿਆਰ ਦੇ ਹਨ। ਉਹ ਰਿਸ਼ਤਾ ਹੈ ਆਤਮਾ ਤੇ

ਪ੍ਰਮਾਤਮਾ ਦਾ।

- ਜਿਵੇਂ ਪਿਤਾ ਪੁੱਤਰ ਨੂੰ ਰੁਪਈਆ ਦੇ ਦਿੰਦਾ ਹੈ। ਅਗੋਂ ਇਹ ਪੁੱਤਰ ਦਾ ਫਰਜ਼ ਹੈ ਕਿ ਉਸ ਨੂੰ ਚੰਗੇ ਪਾਸੇ ਖਰਚ ਕਰੇ ਜਾਂ ਮਾੜੇ ਪਾਸੇ। ਇਸੇ ਤਰ੍ਹਾਂ ਰੱਬ ਬੰਦੇ ਨੂੰ ਜਨਮ ਦਿੰਦਾ ਹੈ ਅਗੋਂ ਉਸ ਦਾ ਫਰਜ਼ ਹੈ ਕਿ ਇਸ ਜਨਮ ਨੂੰ ਨੇਕ ਪਾਸੇ ਲਾਉਣਾ ਹੈ ਜਾਂ ਮਾੜੇ।
- ਰੱਬ ਤੇ ਜੱਗ ਦੋ ਕਿਨਾਰੇ ਹਨ। ਪਰ ਵਿਚ ਜੋ ਪਾਣੀ ਹੈ ਉਹ ਪ੍ਰੇਮ ਰੂਪੀ ਹੈ। ਉਸ ਵਿਚ ਇੰਨੀ ਕੁ ਤਾਕਤ ਹੈ ਕਿ ਉਹ ਦੁਨੀਆਂ ਦੇ ਹਰ ਗੰਦ ਨੂੰ ਸਾਫ ਕਰ ਦਿੰਦਾ ਹੈ।
- ਤੁਸੀਂ ਆਪਣੇ ਆਪ ਨੂੰ ਪਹਿਲਾਂ ਢੂੰਡ ਕੇ ਫਿਰ ਉਹਨੂੰ ਢੂੰਡੋ।
- 'ਦਾਸ ਧਰਮ' ਵਿਚ ਆਉਣ ਵਾਲੇ ਦਾਸੋ ਤੁਹਾਨੂੰ ਇਥੇ ਰੱਬ ਨਹੀਂ ਮਿਲਣਾ ਬਲਕਿ ਇਥੇ ਤੁਹਾਨੂੰ ਉਹਦੀ ਮੌਜ, ਰਜ਼ਾ, ਭਾਣਾ ਮੰਨਣ ਦੀ ਤਾਕਤ ਮਿਲੇਗੀ। ਜਦੋਂ ਤੁਹਾਡੇ ਵਿਚ ਆ ਗਈ ਤਾਂ ਫਿਰ ਤੁਸੀਂ ਖੁਦ ਹੀ ਰੱਬ ਹੋ।
- ਔਲਾਦ ਅੱਲ੍ਹਾ ਦੇ ਹਵਾਲੇ ਰਹੇ ਤਾਂ ਔਲਾਦ ਹੈ ਨਹੀਂ ਤਾਂ ਔਲਾਦ ਨਹੀਂ ਉਹ ਫਸਾਦ ਹੈ।
- ਦਾਤੇ ਨੂੰ ਦੇਣ ਵਾਲੀ ਕਮਾਈ, ਸਿਮਰਨ ਹੈ, ਤੇ ਉਸ ਦੀ ਯਾਦ ਉਸ ਨੂੰ ਚੜ੍ਹਾਵਾ ਹੈ।

- ਜਿਨ੍ਹਾਂ ਕੋਲ ਹੱਕ ਹਲਾਲ ਦੀ ਕਮਾਈ ਨਹੀਂ, ਸੰਤ ਉਸ ਬੰਦੇ ਨੂੰ ਆਪਣੇ ਰਸਤੇ ਤੇ ਚੱਲਣ ਜੋਗੀ ਹਿੰਮਤ ਹੀ ਨਹੀਂ ਦਿੰਦੇ।

- ਮੇਰਾ ਦਾਤਾ ਆਖਦਾ ਹੈ, "ਤੁਹਾਡੀ ਅੰਦਰਲੀ ਪੁਕਾਰ ਮੇਰੀ ਪੁਕਾਰ ਹੈ। ਮੈਂ ਤੁਹਾਡੇ ਬਾਹਰੀ ਸਰੀਰ ਨਾ ਤੱਕੇ ਹਨ ਨਾ ਤੱਕਾਂਗਾ। ਜਦੋਂ ਤਕ ਤੁਹਾਡੀ ਅੰਦਰਲੀ ਪ੍ਰੀਤ ਅਤੇ ਯਾਦ ਕਾਇਮ ਹੈ, ਤਾਂ ਮੈਂ ਨਾਲ ਹਾਂ। ਜਿਸ ਦਿਨ ਇਹ ਨਿਕਲ ਗਈ ਉਸ ਦਿਨ ਮੈਂ ਆਪੇ ਹੀ ਵਿਚੋਂ ਨਿਕਲ ਜਾਣਾ ਹੈ, ਤੁਹਾਡੇ ਕਹਿਣ ਤੇ ਨਹੀਂ।"

- ਜਿਸ ਤਰ੍ਹਾਂ ਮੱਕੜੀ ਜਾਲਾ ਬਣਾ ਬਣਾ ਕੇ ਵੱਡਾ ਕਰਦੀ ਹੈ ਫਿਰ ਉਸ ਵਿਚੋ ਨਿਕਲਣ ਦਾ ਰਸਤਾ ਭੁਲ ਜਾਂਦੀ ਹੈ ਤੇ ਵਿਚੇ ਹੀ ਮਰ ਜਾਂਦੀ ਹੈ ਉਸੇ ਤਰਾਂ ਹੀ ਦੁਨਿਆਵੀ ਜੀਵ ਹਨ।

- ਬਾਰਾਂ ਸਾਲ ਕਿਸੇ ਸੰਤ ਮਹਾਂਪੁਰਖ ਦੀ ਸੇਵਾ ਕਰਨ ਤੋਂ ਬਾਅਦ ਇਕ ਵਾਰ ਵੀ ਜੇ ਉਹ ਮੱਥਾ ਟੇਕਿਆ ਕਬੂਲ ਕਰ ਲਵੇ ਤਾਂ ਆਪਣਾ ਧੰਨ ਭਾਗ ਸਮਝੋ।

- ਸੰਤ ਇਕ ਸ਼ੀਸ਼ਾ ਬਣ ਕੇ ਧਰਤੀ ਤੇ ਆਉਂਦੇ ਹਨ ਉਸ ਵਿਚੋਂ ਆਪਣਾ ਚਿਹਰਾ ਵੇਖੋ। ਫਿਰ ਤੁਸੀਂ ਜੋ ਉਨ੍ਹਾਂ ਕੋਲੋਂ ਮੰਗੋਗੇ ਉਹ ਤੁਹਾਡੀ ਭਾਵਨਾ ਮੁਤਾਬਕ ਦੇਂਦੇ ਜਾਣਗੇ।

- ਮੁਹੱਬਤਾਂ ਕਰਨ ਵਾਲੇ ਸਾਥ ਨਹੀਂ ਮੰਗਦੇ। ਉਹ ਤਾਂ ਇਕ ਵਾਰੀ

ਸਾਥ ਮਿਲ ਜਾਣ ਤੇ ਜਾਨਾਂ ਵਾਰ ਦਿੰਦੇ ਹਨ।

- ਜੱਗ ਦੀ ਚਤੁਰਾਈ ਦੁੱਖਾਂ ਦਾ ਕਾਰਨ ਅਤੇ ਵੇਲਾ ਕੱਢਣ ਲਈ ਹੁੰਦੀ ਹੈ। ਪਰ ਰੱਬ ਦੀ ਚਤੁਰਾਈ ਹੋਵੇ ਤਾਂ ਜਨਮ ਮਹਾਨ ਬਣ ਜਾਂਦਾ ਹੈ।

- ਤੁਹਾਡੀ ਆਤਮਾ ਸਰੀਰ ਰੂਪ ਹਸਪਤਾਲ ਵਿਚ ਮਨ ਦੇ ਵਿਕਾਰਾਂ ਰੂਪੀ ਕੈਂਸਰ ਨਾਲ ਬਿਮਾਰ ਪਈ ਹੈ ਅਤੇ ਇਸ ਦੀ ਦਵਾਈ ਹੈ ਨਾਮ, ਜੋ ਤੁਹਾਨੂੰ ਕਿਸੇ ਨਾਮੀ ਪੁਰਖ ਪਾਸੋਂ ਹੀ ਮਿਲ ਸਕਦੀ ਹੈ।

# ਅਰਜੋਈ

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥
ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥
ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥
ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥
ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥

ਹੇ ਦਾਤਾ,

ਪਹਿਲੀ ਉਪਮਾ ਤੇਰੀ ਦਾਤਾ,
ਦੂਜੀ ਤੇਰੀ ਖੁਦਾਈ।
ਤੀਜੀ ਤੇਰੀ ਓਟ ਆਸਰਾ,
ਚੌਥੀ ਰਹਿਨੁਮਾਈ।
ਪੰਚ ਘਰੋਂ ਸੋ ਤੇਰਾ ਮਾਣ,
ਪੰਚਮ ਸਾਂਝ ਜਗਾਈ।
ਮੈਂ ਨੀਚ ਤੇਰੇ ਦਾਸ ਕੋ ਦਾਸਾ,
ਧੰਨ ਨਾਨਕ ਸਭ ਤੇਰੀ ਵਡਿਆਈ।

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥
ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥
ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥
ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥
ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥

ਜੀ. ਐਨ. ਡੀ. ਇੰਟਰਨੈਸ਼ਨਲ ਚੈਰੀਟੇਬਲ ਟਰੱਸਟ

(ਇੰਡੀਆ)